*ਸੰਖੇਪ ਜੀਵਨੀ*

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

## *ਅੰਮ੍ਰਿਤ ਕੇ ਦਾਤੇ, ਸਰਬੰਸ ਦਾਨੀ*

**ਮੁਖਤਾਰ ਸਿੰਘ ਗੁਰਾਇਆ**

*ਪ੍ਰਕਾਸ਼ਕ:*

***ਡਾ. ਇੰਦਰਜੀਤ ਕੌਰ, ਪ੍ਰਧਾਨ***

*ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ(ਰਜਿ.)*

*ਅੰਮ੍ਰਿਤਸਰ ।*

ਸੰਖੇਪ ਜੀਵਨੀ

**ਸ੍ਰੀ ਗੁਰੂ ਗੋਬਿੰਦ ਸਿੰਘ ਜੀ**

ਅੰਮ੍ਰਿਤ ਕੇ ਦਾਤੇ, ਸਰਬੰਸ ਦਾਨੀ

**ਮੁਖਤਾਰ ਸਿੰਘ ਗੁਰਾਇਆ**
ਡੀ-577, ਰਣਜੀਤ ਐਵੀਨਿਊ,
ਅੰਮ੍ਰਿਤਸਰ-143001
ਮੋਬਾ: +91-98551-22568

©-ਲੇਖਕ

**ਪਹਿਲੀ ਛਾਪ** : 5,000 **ਅਕਤੂਬਰ**, 2019

ਭੇਟਾ ਰਹਿਤ

**ਪ੍ਰਕਾਸ਼ਕ: ਡਾ. ਇੰਦਰਜੀਤ ਕੌਰ, ਪ੍ਰਧਾਨ**
**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ** (ਰਜਿ:), **ਅੰਮ੍ਰਿਤਸਰ ।**

**ਛਾਪਕ: ਪੂਰਨ ਪ੍ਰਿੰਟਿੰਗ ਪ੍ਰੈਸ,**
ਪਿੰਗਲਵਾੜਾ ਬਿਲਡਿੰਗਜ (ਮਾਨਾਂਵਾਲਾ ਕੰਪਲੈਕਸ) ਜੀ. ਟੀ. ਰੋਡ, ਅੰਮ੍ਰਿਤਸਰ।
ਫ਼ੋਨ: 0183-2584586, 2584713
website:www. pingalwara.org E-mail: pingalwara57@gmail.com

# ਸਮਰਪਣ

**ਕੁਰਬਾਨੀ ਦੇ ਪੁੰਜ**
**ਮਾਤਾ ਗੁਜਰ ਕੌਰ ਜੀ**
**ਨੂੰ**





ਮਾਤਾ ਗੁਜਰ ਕੌਰ ਜੀ ਆਪਣੇ ਪੋਤਰਿਆਂ ਦੇ ਨਾਲ

## ਤਤਕਰਾ


| | | |
|---|---|---|
| | ਮੁਖ ਬੰਦ | 6 |
| | ਭੂਮਿਕਾ | 9 |
| | ਸ੍ਰੀ ਗੁਰੂ ਗੋਬਿੰਦ ਸਿੰਘ ਜੀ | 11 |
| 1. | ਆਮ ਜਾਣਕਾਰੀ | 11 |
| 2. | ਗੁਰੂ ਜੀ ਦੇ ਜਨਮ ਬਾਰੇ | 12 |
| 3. | ਵਿੱਦਿਆ ਅਤੇ ਹੋਰ ਸਿਖਲਾਈ | 16 |
| 4. | ਗੁਰ-ਗੱਦੀ | 16 |
| 5. | ਵਿਰੋਧੀ ਤਾਕਤਾਂ ਅਤੇ ਗੁਰੂ ਜੀ ਦੀ ਯੋਜਨਾ | 17 |
| 6. | ਤਿਆਰੀ ਪ੍ਰਤੀ ਉਪਰਾਲੇ | 19 |
| 7. | ਵਿਆਹ ਅਤੇ ਸੰਤਾਨ | 21 |
| 8. | ਗੁਰੂ ਜੀ ਵਲੋਂ ਲੜੇ ਗਏ ਯੁੱਧ | 22 |
| 9. | ਅਮਨ ਦੇ ਪੰਜ, ਛੇ ਸਾਲ | 25 |
| 10. | ਖ਼ਾਲਸਾ ਪੰਥ ਦੀ ਸਥਾਪਨਾ | 26 |
| 11. | ਪਹਾੜੀ ਰਾਜਿਆਂ ਨਾਲ ਭੇਂਟ | 31 |
| 12. | ਅਨੰਦਪੁਰ ਸਾਹਿਬ ਦੀ ਮਹਿਮਾ | 32 |
| 13. | ਮੁੜ ਜੰਗਾਂ ਦਾ ਦੌਰ ਅਰੰਭ | 34 |
| 14. | ਤਲਵੰਡੀ ਸਾਬੋ ਵਿਖੇ | 49 |
| 15. | ਦਮਦਮੀ ਬੀੜ | 51 |
| 16. | ਮੁਅੱਜ਼ਮ (ਬਹਾਦਰ ਸ਼ਾਹ) ਨਾਲ ਭੇਂਟ | 52 |
| 17. | ਦੱਖਣ ਵੱਲ ਜਾਣਾ | 55 |
| 18. | ਗੁਰੂ ਜੀ ਦੀ ਸ਼ਹਾਦਤ | 56 |
| 19. | ਗੁਰੂ ਜੀ ਦੀ ਸ਼ਖ਼ਸੀਅਤ | 57 |
| 20. | ਗੁਰੂ ਜੀ ਪ੍ਰਤੀ ਕੁਝ ਵਿਦਵਾਨਾਂ ਦੇ ਵਿਚਾਰ | 66 |
| 21. | ਸਮਕਾਲੀਨ ਹੁਕਮਰਾਨ | 69 |
| 22. | ਸਿੱਖ ਧਰਮ ਬਾਰੇ ਮਹੱਤਵਪੂਰਨ ਜਾਣਕਾਰੀ | 70 |
| 23. | ਸਹਾਇਕ ਹਵਾਲਾ ਪੁਸਤਕਾਂ ਦੀ ਸੂਚੀ | 75 |
| | ਅਪੀਲ | 76 |




## ਮੁਖ ਬੰਦ

ਆਤਮਾ ਦਾ ਮੇਲ ਜਦੋਂ ਪਰਮ-ਆਤਮਾ ਨਾਲ ਹੋ ਜਾਂਦਾ ਹੈ ਤਾਂ ਉਸ ਵਿੱਚ ਅਥਾਹ ਸ਼ਕਤੀ ਅਤੇ ਅਸੀਮ ਗੁਣ ਪ੍ਰਵੇਸ਼ ਕਰ ਜਾਂਦੇ ਹਨ। ਗੁਰੂ ਰਾਮ ਦਾਸ ਜੀ ਆਸਾ ਮਹਲਾ ੪ ਵਿੱਚ ਫ਼ਰਮਾਉਂਦੇ ਹਨ:

**"ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ**
**ਸੇ ਜਨ ਜੁਗ ਮਹਿ ਸੁਖਵਾਸੀ॥**
**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ**
**ਤਿਨ ਤੂਟੀ ਜਮ ਕੀ ਫਾਸੀ**
**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭੁ ਗਵਾਸੀ॥**
**ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ**
**ਤੇ ਹਰਿ ਹਰਿ ਰੂਪਿ ਸਮਾਸੀ॥**
**ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ**
**ਜਨੁ ਨਾਨਕੁ ਤਿਨ ਬਲ ਜਾਸੀ॥੩॥"** (ਅੰਗ ੧੧)

ਪਰਮ ਆਤਮਾ ਨਾਲ ਮਿਲੀ ਆਤਮਾ ਸਮ-ਦ੍ਰਿਸ਼ਟੀ ਵਾਲੀ ਹੋ ਜਾਂਦੀ ਹੈ ਉਸਨੂੰ ਅਕਾਲ-ਪੁਰਖ ਹਰ ਜਗ੍ਹਾ 'ਤੇ ਹਰ ਜੀਵ ਵਿੱਚ ਪ੍ਰਕਾਸ਼-ਮਾਨ ਹੋ ਦਿੱਸਦਾ ਹੈ। ਆਤਮਾ ਪਰਉਪਕਾਰੀ ਹੋ ਜਾਂਦੀ ਹੈ, ਕਿਉਂਕਿ ਉਹ ਸੰਵੇਦਨਸ਼ੀਲ ਹੋ ਜਾਂਦੀ ਹੈ। ਇਸ ਕਰਕੇ ਦੂਜਿਆਂ ਦੇ ਦੁੱਖ ਨਿਵਾਰਨ ਲਈ ਆਪਣਾ ਤਾਣ ਲਾ ਦਿੰਦੀ ਹੈ ਅਤੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਦੇ ਸਮਰੱਥ ਹੋ ਜਾਂਦੀ ਹੈ।

ਦਸਮ ਗ੍ਰੰਥ ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸੰਸਾਰਿਕ ਜਨਮ ਤੋਂ ਪਹਿਲਾਂ ਦੀ ਅਵਸਥਾ ਬਾਰੇ ਇੰਝ ਫ਼ਰਮਾਉਂਦੇ ਹਨ:

**ਅਬ ਮੈਂ ਆਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧਿ ਮੁਹਿ ਆਨੋ।**
**ਹੇਮ ਕੁੰਟ ਪਰਬਤ ਹੈ ਜਹਾ। ਸਪਤ ਸ੍ਰਿੰਗ ਸੋਭਿਤ ਹੈ ਤਹਾਂ।੧**
**ਸਪਤਸ੍ਰਿੰਗ ਤਿਹ ਨਾਮੁ ਕਹਾਵਾ। ਪੰਡੁ ਰਾਜ ਜਹ ਜੋਗੁ ਕਮਾਵਾ।**
**ਤਹ ਹਮ ਅਧਿਕ ਤਪੱਸਿਆ ਸਾਧੀ। ਮਹਾਂਕਾਲ-ਕਾਲਕਾ ਅਰਾਧੀ।੨**
**ਇਹ ਬਿਧਿ ਕਰਤ ਤਪੱਸਿਆ ਭਯੋ। ਦ੍ਵੈ ਤੇ ਏਕ ਰੂਪ ਹ੍ਵੈ ਗਯੋ।**
**ਤਾਤ ਮਾਤ ਮੁਰ ਅਲਖ ਅਰਾਧਾ। ਬਹੁ ਬਿਧਿ ਜੋਗ ਸਾਧਨਾ ਸਾਧਾ।੩**
**ਤਿਨ ਕੋ ਕਰੀ ਅਲਖ ਕੀ ਸੇਵਾ। ਤਾ ਤੇ ਭੇ ਪ੍ਰਸੰਨਿ ਗੁਰਦੇਵਾ।**
**ਤਿਨ ਪ੍ਰਭ ਜਬ ਆਇਸੁ ਮੁਹਿ ਦੀਆ। ਤਬ ਹਮ ਜਨਮ ਕਲੂ ਮਹਿ ਲੀਆ।੪**
**ਚਿਤ ਨ ਭਯੋ ਹਮਰੋ ਆਵਨ ਕਹ। ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹਿ।**
**ਜਿਉ ਤਿਉ ਪ੍ਰਭ ਹਮ ਕੋ ਸਮਝਾਯੋ। ਇਮ ਕਹਿ ਕੈ ਇਹ ਲੋਕਿ ਪਠਾਯੋ।੫**

**"ਮੈਂ ਅਪਨਾ ਸੁਤ ਤੋਹਿ ਨਿਵਾਜਾ। ਪੰਥੁ ਪ੍ਰਚੁਰ ਕਰਬੇ ਕਹ ਸਾਜਾ।**
**ਜਾਹਿ ਤਹਾਂ ਤੈ ਧਰਮੁ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ।"੨੯**

ਨਿਮਰਤਾ ਸਹਿਤ ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨ ਕਿ ਮੈਂ ਅਕਾਲ ਪੁਰਖ ਨੂੰ ਬੇਨਤੀ ਕੀਤੀ

**"ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਯਾਇ।**
**ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ।"** ੩੦

ਜਦੋਂ ਅਕਾਲ ਪੁਰਖ 'ਤੇ ਭਰੋਸਾ ਬੱਝ ਜਾਂਦਾ ਹੈ ਤਾਂ ਆਤਮਾ ਬਲਵਾਨ ਹੋ ਜਾਂਦੀ ਹੈ ਜ਼ਫ਼ਰਨਾਮੇ ਦੇ ਅਖ਼ੀਰਲੇ ਬੰਦ ਵਿੱਚ ਗੁਰੂ ਸਾਹਿਬ ਫ਼ਰਮਾਉਂਦੇ ਹਨ

**"ਜਿਸਦੀ ਰੱਬ ਨਾਲ ਬਣ ਆਈ ਹੈ ਉਸਦਾ ਵੈਰੀ ਕੀ ਵਿਗਾੜ ਸਕਦਾ ਹੈ ਭਾਵੇਂ ਆਪਣੀ ਤਾਕਤ ਸੋ ਗੁਣਾਂ ਵਧਾ ਲਵੇ।"**

ਇਸ ਭਰੋਸੇ ਕਰਕੇ ਹੀ ਗੁਰੂ ਸਾਹਿਬ ਨੇ ਜ਼ੁਲਮ ਦੇ ਵਿਰੁੱਧ ਜਿੰਨੀਆਂ ਜੰਗਾਂ ਲੜੀਆਂ ਸਭ ਜਿੱਤ ਲਈਆਂ। ਇਸ ਕਿਤਾਬ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਅਣਗਿਣਤ ਵਡਿਆਈਆਂ ਵਿੱਚੋਂ ਕੁਝ ਕੁ ਵਡਿਆਈਆਂ ਹੀ ਦੱਸੀਆਂ ਜਾ ਸਕਦੀਆਂ ਹਨ ਪਰ ਜੇ ਉਹਨਾਂ ਵਡਿਆਈਆਂ ਨੂੰ ਉਪਦੇਸ਼ ਜਾਣ ਕੇ ਹਿਰਦੇ ਵਿੱਚ ਵਸਾਇਆ ਜਾਵੇ ਤਾਂ ਉਹ ਸਾਡੀ ਜ਼ਿੰਦਗੀ ਦਾ ਚਾਨਣ-ਮੁਨਾਰਾ ਬਣ ਜਾਂਦੀਆਂ ਹਨ।

ਜੰਗ ਕਰਦਿਆਂ ਸ਼ਕਤੀ ਅਤੇ ਭਗਤੀ ਦੇ ਅਸੂਲਾਂ ਨੂੰ ਕਾਇਮ ਰੱਖਣਾ, ਜੰਗ ਕਦੇ ਵੀ ਜੋਰੂ, ਜ਼ਮੀਨ ਅਤੇ ਰਾਜ ਭਾਗ ਲਈ ਨਹੀਂ ਕਰਨੀ, ਨਿਹੱਥੇ, ਔਰਤ ਅਤੇ ਬੱਚੇ ਤੇ ਕਦੇ ਵਾਰ ਨਹੀਂ ਕਰਨਾ। ਦੁਸ਼ਮਣ ਉੱਤੇ ਕਦੀ ਪਹਿਲਾ ਵਾਰ ਨਹੀਂ ਕਰਨਾ।

ਗੁਰੂ ਗੋਬਿੰਦ ਸਿੰਘ ਜੀ ਨਿਰੇ ਬਹਾਦਰਾਂ ਦੀ ਕੌਮ ਨਹੀਂ ਚਾਹੁੰਦੇ ਸਨ ਬਲਕਿ ਅਜੇਹੀ ਕੌਮ ਜਿਸ ਵਿੱਚ ਸੂਰਮਿਆਂ ਵਾਲੀ ਬੀਰਤਾ ਅਤੇ ਨਿਰਭੈਤਾ ਦੇ ਨਾਲ ਸੰਤਾਂ ਵਾਲੀ ਦਇਆ ਅਤੇ ਪਵਿੱਤਰਤਾ ਵੀ ਹੋਵੇ, ਜੋ ਤਲਵਾਰ ਦੇ ਧਨੀ ਹੋਣ ਦੇ ਨਾਲ-ਨਾਲ ਧਰਮ ਸਤ ਅਤੇ ਸੰਤੋਖ ਦੀ ਮੂਰਤ ਵੀ ਹੋਣ।

ਗੁਰੂ ਸਾਹਿਬ ਨੇ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰੂ ਚੇਲੇ ਦਾ ਭੇਦ ਖ਼ਤਮ ਕਰ ਦਿੱਤਾ। ਜ਼ਫ਼ਰਨਾਮਾ ਰੂਪੀ ਚਿੱਠੀ ਜਿਹੜੀ ਔਰੰਗਜੇਬ ਨੂੰ ਲਿਖੀ ਇਹ ਗੁਰੂ ਸਾਹਿਬ ਦੀ ਸ਼ਖ਼ਸੀਅਤ ਦਰਸਾਉਂਦੀ ਹੈ। ਇਸ ਵਿਚ ਅਕਾਲ ਪੁਰਖ ਦੀ ਉਸਤਤਿ ਕੀਤੀ ਗਈ ਹੈ ਅਤੇ ਨਿਰਭੈ ਹੋ ਕੇ ਉਸ ਵੇਲੇ ਦੇ ਸ਼ਹਿਨਸ਼ਾਹ ਨੂੰ ਉਸਦੇ ਔਗੁਣਾਂ ਦਾ ਗਿਆਨ ਕਰਾ ਦਿੱਤਾ। ਉਹ ਜੋ ਆਪਣੇ ਵੱਲੋਂ ਵੱਡਾ ਧਾਰਮਿਕ ਬਣਿਆ ਫਿਰਦਾ ਸੀ ਉਸਨੂੰ ਖ਼ੁਦਾ ਦੇ ਘਰ ਜਾਣ ਦਾ ਸਹੀ ਰਾਹ ਦੱਸਿਆ ਅਤੇ ਉਸਦੇ ਭਰਮ ਭੁਲੇਖੇ ਕੱਢੇ ਅਤੇ ਉਸਨੂੰ ਦਰਸਾ ਦਿੱਤਾ ਕਿ ਕੁਰਾਨ ਸ਼ਰੀਫ਼ ਦੀ ਸਹੁੰ ਤੋਂ ਜਿਹੜਾ ਮੁਕਰਦਾ ਹੈ ਉਸਦਾ ਕੀ ਹਾਲ ਹੁੰਦਾ ਹੈ ਅਤੇ ਜਿਹੜਾ ਯਕੀਨ



ਕਰਦਾ ਹੈ ਖ਼ੁਦਾ ਕਿਵੇਂ ਉਸਦੀ ਹਰ ਔਕੜ ਵਿਚ ਸਹਾਈ ਹੁੰਦਾ ਹੈ।

ਭਗਤ ਪੂਰਨ ਸਿੰਘ ਜੀ, ਪ੍ਰੋਫ਼ੈਸਰ ਪੂਰਨ ਸਿੰਘ ਦੀ ਕਿਤਾਬ ਦਸ ਗੁਰੂ ਸਾਹਿਬਾਨ ਦਾ ਹਵਾਲਾ ਦੇ ਕੇ ਆਪਣੇ ਇਕ ਲੇਖ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਬਾਰੇ ਇੰਞ ਲਿਖਦੇ ਹਨ।

"ਸ੍ਰੀ ਅਨੰਦਪੁਰ ਸਾਹਿਬ ਵਿੱਚ ਮਨੁੱਖੀ ਆਤਮਾ ਦੀ ਖ਼ੁਸ਼ੀਆਂ ਭਰੀ ਸ਼ਕਤੀ ਕਈ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਹੁੰਦੀ ਸੀ । ਹਰ ਨਵੇਂ ਦਿਨ ਨਵੇਂ ਖ਼ਿਆਲ ਵਾਯੂ-ਮੰਡਲ ਵਿੱਚ ਫੈਲ ਜਾਂਦੇ ਸਨ ਅਤੇ ਖ਼ਾਲਸਾ ਪੰਥ ਨਵੇਂ ਰੰਗਾਂ ਵਿੱਚ ਰੰਗਿਆ ਜਾਂਦਾ ਸੀ। ਸੇਵਾ-ਪੰਥੀ, ਨਿਰਮਲੇ ਤੇ ਸਹਿਜਧਾਰੀ ਨਵੇਂ-ਨਵੇਂ ਉੱਚੇ ਤੇ ਚਮਕੀਲੇ ਫ਼ੈਸਲੇ ਕਰਦੇ ਸਨ ਅਤੇ ਇਹਨਾਂ ਸਾਰਿਆਂ ਤੋਂ ਪਿਛੇਰੇ ਅਤੇ ਉਚੇਰੇ ਸਨ ਅਕਾਲੀ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਇਸ ਧਰਤੀ ਦੀ ਮਲ-ਮੈਲ ਤੋਂ ਸੁਤੰਤਰ ਹੋ ਕੇ ਗੁਰੂ ਦੇ ਸੁਪਨਿਆਂ ਨਾਲ ਇਕਮਿਕ ਕਰ ਲਿਆ ਸੀ । ਸੇਵਾ-ਪੰਥੀਆਂ ਨੇ ਸੇਵਾ ਦੇ ਕਰਤੱਵਾਂ ਲਈ ਆਪਣੇ ਆਪ ਨੂੰ ਅਰਪਣ ਕੀਤਾ...ਤੇ ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰੈੱਡ-ਕਰਾਸ (ਸੁਰਖ਼-ਸਲੀਬ) ਦੀ ਨੀਂਹ ਰੱਖੀ, ਜਿਸ ਨੇ ਮਿੱਤਰਾਂ ਤੇ ਵੈਰੀਆਂ ਦੀ ਇਕੋ ਜਿਹੀ ਸੇਵਾ ਕੀਤੀ । ਉਹ ਜੰਗ ਦੇ ਮੈਦਾਨ ਵਿੱਚ ਆਪਣੀ ਪਿੱਠ 'ਤੇ ਪਾਣੀ ਵਾਲੀ ਮਸ਼ਕ ਚੁੱਕ ਕੇ ਲੈ ਜਾਂਦੇ ਸਨ ਅਤੇ ਜ਼ਖ਼ਮਾਂ ਤੇ ਪਿਆਸ ਨਾਲ ਮਰ ਰਹੇ ਬੰਦਿਆਂ ਦੇ ਬੁੱਲ੍ਹਾਂ ਨਾਲ ਪਾਣੀ ਦਾ ਰਹਿਮ ਵਾਲਾ ਬਾਟਾ ਲਾਉਂਦੇ ਸਨ । ਜੰਗ ਦੇ ਮੈਦਾਨ ਨੂੰ ਪਾਣੀ ਪਿਲਾਉਣ ਜਾਂਦੇ ਹੋਏ ਮੁੱਢਲੀ ਮਲ੍ਹਮ-ਪੱਟੀ ਦਾ ਸਾਮਾਨ ਵੀ ਆਪਣੇ ਨਾਲ ਲੈ ਜਾਂਦੇ ਸਨ ਅਤੇ ਜਰਾਹੀ (ਚੀਰ-ਫਾੜ ਕਰਨ) ਤੇ ਔਸ਼ਧੀ (ਦਵਾਈ) ਦੇ ਇਲਮ ਵੀ ਉਹ ਸਿੱਖਦੇ ਸਨ। ਨਿਰਮਲਿਆਂ ਨੇ ਆਪਣੇ ਆਪ ਨੂੰ ਵਿੱਦਿਆ ਪ੍ਰਾਪਤ ਕਰਨ 'ਤੇ ਲਗਾ ਦਿੱਤਾ। ਉਨ੍ਹਾਂ ਸੰਸਕ੍ਰਿਤ ਤੇ ਵੇਦਾਂਤ ਪੜ੍ਹਿਆ ਅਤੇ ਦੇਸ਼ ਵਿੱਚ ਵਿੱਦਿਆ ਫੈਲਾਣ ਤੇ ਉਸ ਸਾਹਿਤ ਨੂੰ ਪਹੁੰਚਾਉਣ ਲਈ ਤੁਰ ਪਏ ਜੋ ਸ੍ਰੀ ਅਨੰਦਪੁਰ ਸਾਹਿਬ ਵਿੱਚ ਰਚਿਆ ਗਿਆ ਸੀ।"

ਸ੍ਰ. ਮੁਖਤਾਰ ਸਿੰਘ ਆਨਰੇਰੀ ਸਕੱਤਰ ਅਤੇ ਆਨਰੇਰੀ ਆਰਕੀਟੈਕਟ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਦੀਆਂ ਘਟਨਾਵਾਂ ਬਾਰੇ ਇਹ ਕਿਤਾਬ ਲਿਖਣ ਲਈ ਅਣਥੱਕ ਮਿਹਨਤ ਕੀਤੀ ਹੈ, ਕਿਉਂਕਿ ਸਰਬ ਸ਼ਕਤੀਮਾਨ ਬਾਰੇ ਲਿਖਣਾ ਉਹ ਵੀ ਸੰਖੇਪ ਵਿਚ ਅਤੇ ਸੌਖੇ ਸ਼ਬਦਾਂ ਵਿੱਚ ਬੜਾ ਕਠਿਨ ਕੰਮ ਹੈ।

ਭਗਤ ਪੂਰਨ ਸਿੰਘ ਪ੍ਰਿੰਟਿੰਗ ਪ੍ਰੈੱਸ ਵਿਚ ਇਹ ਕਿਤਾਬ ਛਾਪ ਕੇ ਸੰਗਤਾਂ ਵਾਸਤੇ ਭੇਟਾ ਰਹਿਤ ਵੰਡੀ ਜਾਵੇਗੀ। ਆਸ ਹੈ ਸੰਗਤਾਂ ਆਪਣੀਆਂ ਅਸੀਸਾਂ ਨਾਲ ਇਸੇ ਤਰ੍ਹਾਂ ਹੀ ਨਿਵਾਜਦੀਆਂ ਰਹਿਣਗੀਆਂ।

**ਇੰਦਰਜੀਤ ਕੌਰ**
ਮੁੱਖ ਸੇਵਾਦਾਰ

# ਭੂਮਿਕਾ

ਅਨੰਦਪੁਰ ਸਾਹਿਬ ਵਿਖੇ ਪਿੰਗਲਵਾੜਾ ਦੀ ਸਟਾਲ ਦੇ ਸੇਵਾਦਾਰਾਂ ਤੋਂ ਸੂਚਨਾ ਮਿਲੀ ਸੀ ਕਿ ਅਨੰਦਪੁਰ ਦੇ ਦਰਸ਼ਨਾਂ ਨੂੰ ਆਉਂਦੀਆਂ ਸੰਗਤਾਂ ਦੀ ਮੰਗ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਉਪਲਬਧ ਕਰਵਾਈ ਜਾਵੇ। ਭਾਵੇਂ ਕਿ ਲੇਖਕ ਵੱਲੋਂ ਲਿਖੀ ਦੱਸ ਪਾਤਸ਼ਾਹੀਆਂ ਕਿਤਾਬ ਵਿਚ ਸਾਰੇ ਗੁਰੂ ਸਾਹਿਬਾਨ ਦੀਆਂ ਸੰਖੇਪ ਜੀਵਨੀਆਂ ਲਿਖੀਆਂ ਹੋਈਆਂ ਹਨ ਪਰ ਗੁਰੂ ਸਾਹਿਬ ਦੀ ਜੀਵਨੀ ਲਿਖਦੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਗਿਆ ਹੈ ਕਿ ਕੁਝ ਵੇਰਵੇ ਉਨ੍ਹਾਂ ਦੀ ਸਵੈ-ਜੀਵਨੀ, ਬਚਿੱਤਰ ਨਾਟਕ, ਵਿਚੋਂ ਵੀ ਲਏ ਜਾਣ। ਇਸ ਤੋਂ ਇਲਾਵਾ ਇਸ ਗੱਲ ਵੱਲ ਖਾਸ ਧਿਆਨ ਦਿੱਤਾ ਗਿਆ ਹੈ ਕਿ ਗੁਰੂ ਜੀ ਵੱਲੋਂ ਲੜੇ ਗਏ ਧਰਮ ਯੁੱਧਾਂ ਦੇ ਵੇਰਵਿਆਂ ਦੇ ਕੁਝ ਜਰੂਰੀ ਅੰਗ ਵੀ ਸੰਖੇਪ ਰੂਪ ਵਿਚ ਦਿੱਤੇ ਜਾਣ।

ਸੋ, ਇਸ ਜੀਵਨੀ ਵਿਚ ਗੁਰੂ ਜੀ ਵੱਲੋਂ ਆਪਣੇ ਜਨਮ ਤੋਂ ਪਹਿਲਾਂ ਕੀਤੀ ਤਪੱਸਿਆ ਬਾਰੇ ਵੀ ਸੰਖੇਪ ਵਿਚ ਲਿਖਿਆ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਜਨਮ ਤੇ ਬਚਪਨ, ਵਿਆਹ ਤੇ ਸੰਤਾਨ, ਛੋਟੇ ਸਾਹਿਬਜਾਦਿਆਂ ਦੀ ਸ਼ਹਾਦਤ ਦੇ ਲੂੰ-ਕੰਡੇ ਖੜੇ ਕਰਨ ਵਾਲੇ ਵੇਰਵੇ ਵੀ ਦਿੱਤੇ ਗਏ ਹਨ।

ਇਸ ਤੋਂ ਇਲਾਵਾ ਖਾਲਸਾ ਪੰਥ ਦੀ ਸਾਜਨਾ ਵੇਰਵੇ ਸਹਿਤ ਲਿਖੀ ਗਈ ਹੈ। ਉਨ੍ਹਾਂ ਵੱਲੋਂ ਔਰੰਗਜ਼ੇਬ ਦੀਆਂ ਚਿੱਠੀਆਂ ਦੇ ਜਵਾਬ ਵਿਚ ਲਿਖੇ ਜ਼ਫ਼ਰਨਾਮਾ ਦੇ ਜ਼ਰੂਰੀ ਅੰਗ ਵੀ ਬਿਆਨ ਕੀਤੇ ਗਏ ਹਨ।

ਗੁਰੂ ਜੀ ਵੱਲੋਂ ਖਿਦਰਾਣੇ ਦੀ ਢਾਬ (ਮੁਕਤਸਰ) ਵਿਖੇ ਲੜੇ ਗਏ ਯੁੱਧ ਤੋਂ ਬਾਅਦ ਤਲਵੰਡੀ ਸਾਬੋ ਵਿਖੇ ਜਾਣ ਤੇ ਦਮਦਮੀ ਬੀੜ ਤਿਆਰ ਕਰਨ ਬਾਰੇ ਵੀ ਲਿਖਿਆ ਗਿਆ ਹੈ। ਇਥੇ ਰਹਿੰਦਿਆਂ ਹੀ ਆਪ ਜੀ ਨੇ ਔਰੰਗਜ਼ੇਬ ਦੇ ਵੱਡੇ ਪੁੱਤਰ ਮੁਅੱਜ਼ਮ (ਬਹਾਦਰ ਸ਼ਾਹ) ਦੀ ਬੇਨਤੀ 'ਤੇ ਉਸਦੀ ਆਪਣੇ ਛੋਟੇ ਭਰਾ, ਆਜ਼ਮ, ਨਾਲ ਜਾਜੋਂ ਵਿਖੇ ਹੋਈ ਲੜਾਈ ਵਿਚ ਉਸ ਦੀ ਮਦਦ ਲਈ ਕੁਝ ਚੋਣਵੇਂ ਸਿੰਘਾਂ ਦਾ ਦਸਤਾ ਭੇਜਿਆ ਗਿਆ। ਇਸ ਲੜਾਈ ਵਿਚ ਸ਼ਹਿਜਾਦਾ ਆਜ਼ਮ ਤੇ ਉਸਦਾ ਪੁੱਤਰ ਮਾਰੇ ਗਏ ਸਨ ਤੇ ਤਖ਼ਤ ਦਾ ਮਾਲਕ ਮੁਅੱਜ਼ਮ ਬਣ ਗਿਆ ਸੀ। ਮੁਅੱਜ਼ਮ ਨੇ ਗੁਰੂ ਜੀ ਦਾ ਧੰਨਵਾਦ ਕਰਨ ਲਈ ਆਪਣੇ ਇਕ ਵਜ਼ੀਰ ਦੀ ਡਿਊਟੀ ਲਗਾਈ ਜਿਸ ਨੇ ਗੁਰੂ ਜੀ ਦਾ ਆਗਰਾ ਵਿਖੇ ਸਵਾਗਤ ਕੀਤਾ। ਮੁਅੱਜ਼ਮ ਵੀ ਗੁਰੂ ਜੀ ਦਾ ਸਵਾਗਤ ਕਰਨ ਲਈ ਕਿਲ੍ਹੇ ਦੇ ਮੁਖ ਦਵਾਰ 'ਤੇ ਆਇਆ। ਇਹ ਮੁਲਾਕਾਤ ੨੩ ਜੁਲਾਈ, ੧੭੦੭ ਈ. ਨੂੰ ਹੋਈ।

ਇਸ ਤੋਂ ਬਾਅਦ ਗੁਰੂ ਜੀ ਨਾਂਦੇੜ ਚਲੇ ਗਏ, ਜਿਥੇ ਗੋਦਾਵਰੀ ਦੇ ਕੰਡੇ



ਮਾਧੋ ਦਾਸ ਬੈਰਾਗੀ ਨਾਲ ਮੁਲਾਕਾਤ ਹੋਈ, ਜਿਸਨੂੰ ਉਨ੍ਹਾਂ ਨੇ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਦਾ ਨਾਮ ਦਿੱਤਾ ਅਤੇ ਦੁਸ਼ਟਾਂ, ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਭੇਜਿਆ।

ਇਸ ਤੋਂ ਬਾਅਦ ਗੁਰੂ ਜੀ ਦੀ ਬੇ-ਵਕਤ ਅਤੇ ਦੁਖਦਾਈ ਸ਼ਹਾਦਤ ਬਾਰੇ ਲਿਖਿਆ ਗਿਆ ਹੈ। ਉਪਰੰਤ, ਗੁਰੂ ਜੀ ਦੀ ਬਹੁ-ਪੱਖੀ ਸ਼ਖ਼ਸੀਅਤ ਦੇ ਕੁਝ ਜ਼ਰੂਰੀ ਪੱਖ ਦਿੱਤੇ ਗਏ ਹਨ।

ਅਖੀਰ ਵਿਚ, ਉਨ੍ਹਾਂ ਬਾਰੇ ਕੁਝ ਉੱਘੇ ਵਿਦਵਾਨਾਂ ਦੇ ਵਿਚਾਰ ਅੰਕਿਤ ਕੀਤੇ ਗਏ ਹਨ। ਪੁਸਤਕ ਦੇ ਅਗਲੇ ਭਾਗ ਵਿਚ ਸਿੱਖ ਧਰਮ ਬਾਰੇ ਮਹਤੱਵਪੂਰਨ ਜਾਣਕਾਰੀ ਦਿੱਤੀ ਗਈ ਹੈ।

ਮੈਂ ਸੰਸਥਾ ਦੇ ਸਰਪ੍ਰਸਤ ਪ੍ਰਧਾਨ, ਡਾ. ਇੰਦਰਜੀਤ ਕੌਰ ਜੀ ਦਾ ਅਤੀ ਧੰਨਵਾਦੀ ਜਾਂ, ਜਿਨ੍ਹਾਂ ਇਸ ਕਿਤਾਬ ਦੇ ਖਰੜੇ ਨੂੰ ਪੜ੍ਹਿਆ ਤੇ ਮੁਖ-ਬੰਦ ਲਿਖਣ ਦੀ ਕ੍ਰਿਪਾਲਤਾ ਕੀਤੀ ਹੈ।

ਮੈਂ ਸੰਸਥਾ ਦੇ ਸੁੱਘੜ ਸੇਵਾਦਾਰ ਜਗਪ੍ਰੀਤ ਸਿੰਘ ਦਾ ਅਤੀ ਧੰਨਵਾਦੀ ਹਾਂ, ਜਿਸਨੇ ਇਸ ਕਿਤਾਬ ਨੂੰ ਲਿਖਣ ਅਤੇ ਕੁਝ ਚੰਗੇ ਸੁਝਾਅ ਦੇਣ ਦੀ ਭੂਮਿਕਾ ਨਿਭਾਈ ਹੈ। ਅੰਤ ਵਿਚ, ਕੰਪਿਊਟਰ ਓਪਰੇਟਰ ਸ਼ਿਖਾ ਪੁਰੀ ਅਤੇ ਕੰਪਿਊਟਰ ਪ੍ਰੋਗਰਾਮਰ ਹਰਪ੍ਰੀਤ ਕੌਰ ਦਾ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਖਰੜੇ ਟਾਈਪ ਕਰਨ ਦੀ ਬਹੁਤ ਖੁਸ਼ੀ ਨਾਲ ਸੇਵਾ ਨਿਭਾਈ ਹੈ।

-ਮੁਖਤਾਰ ਸਿੰਘ ਗੁਰਾਇਆ

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ

## 1. ਆਮ ਜਾਣਕਾਰੀ :-

| | | | |
|---|---|---|---|
| i) | ਮਾਤਾ | : | ਸ੍ਰੀ ਗੁਜਰੀ ਜੀ । |
| ii) | ਪਿਤਾ | : | ਸ੍ਰੀ ਗੁਰੂ ਤੇਗ ਬਹਾਦਰ ਜੀ । |
| iii) | ਜਨਮ ਤਿਥੀ | : | 22.12.1666 ਈ.<br>(23 ਪੋਹ, 1723 ਬਿ.) । |
| iv) | ਜਨਮ-ਸਥਾਨ | : | ਪਟਨਾ ਸਾਹਿਬ, ਬਿਹਾਰ । |
| v) | ਪਤਨੀ | : | ਸ੍ਰੀ ਜੀਤੋ ਜੀ, ਸ੍ਰੀ ਸੁੰਦਰੀ ਜੀ,<br>ਸ੍ਰੀ ਸਾਹਿਬ ਕੌਰ ਜੀ। |
| vi) | ਸੰਤਾਨ | : | ਬਾਬਾ ਅਜੀਤ ਸਿੰਘ,<br>ਬਾਬਾ ਜੁਝਾਰ ਸਿੰਘ,<br>ਬਾਬਾ ਜੋਰਾਵਰ ਸਿੰਘ,<br>ਬਾਬਾ ਫਤਹਿ ਸਿੰਘ । |
| vii) | ਬਾਣੀ ਰਚਨਾ | : | ਜਾਪ ਸਾਹਿਬ, ਅਕਾਲ ਉਸਤਤ,<br>ਚੌਪਈ ਸਾਹਿਬ, ਬਚਿੱਤਰ ਨਾਟਕ,<br>ਸਵੱਈਏ, ਸ਼ਬਦ ਹਜ਼ਾਰੇ,<br>ਜਫ਼ਰ ਨਾਮਾ, ਦਸਮ ਗ੍ਰੰਥ । |
| viii) | ਗੁਰ ਗੱਦੀ | : | 11 ਨਵੰਬਰ, 1675 ਈ. |
| ix) | ਖਾਲਸਾ ਪੰਥ<br>ਦੀ ਸਾਜਨਾ | : | 30 ਮਾਰਚ, 1699 ਈ.<br>(ਇਕ ਵਿਸਾਖ, 1756 ਬਿ.) |
| x) | ਜੋਤੀ-ਜੋਤਿ | : | 7 ਅਕਤੂਬਰ, 1708 ਈ.<br>(8 ਕੱਤਕ 1765 ਬਿ.)<br>ਹਜ਼ੂਰ ਸਾਹਿਬ, ਨਾਂਦੇੜ । |
| xi) | ਕੁੱਲ ਉਮਰ | : | 41 ਸਾਲ, 9 ਮਹੀਨੇ, 15 ਦਿਨ । |
| xii) | ਸਮਕਾਲੀਨ ਹੁਕਮਰਾਨ | : | ਔਰੰਗਜ਼ੇਬ, ਬਹਾਦਰ ਸ਼ਾਹ । |



## 2. (ੳ) ਗੁਰੂ ਜੀ ਦੇ ਜਨਮ ਬਾਰੇ:-

ਗੁਰੂ ਗੋਬਿੰਦ ਸਿੰਘ ਪਹਿਲੇ ਮਹਾਂਪੁਰਸ਼ ਹਨ, ਜਿਨ੍ਹਾਂ ਆਪਣੀ ਆਤਮ-ਕਥਾ ਆਪਣੀ ਹੱਥੀਂ ਆਪ ਲਿਖੀ ਹੈ ਅਤੇ ਉਹ ਵੀ ਕਵਿਤਾ ਦੇ ਰੂਪ ਵਿਚ। ਇਸ ਤੋਂ ਇਲਾਵਾ ਉਹ ਪਹਿਲੇ ਧਾਰਮਿਕ ਆਗੂ ਹਨ, ਜਿਨ੍ਹਾਂ ਨੇ ਆਪਣੀ ਜੀਵਨ ਕਥਾ ਵਿਚ ਆਪਣੇ ਜਨਮ ਤੋਂ ਪਹਿਲਾਂ ਦੇ ਨਿਜੀ ਹਾਲਾਤ ਵੀ ਲਿਖੇ ਹਨ ।

ਉਹ ਲਿਖਦੇ ਹਨ, "ਜਿਥੇ ਹੁਣ ਹੇਮਕੁੰਟ, ਸੱਤ ਟੀਸੀਆਂ ਵਾਲਾ ਸੁੰਦਰ ਪਹਾੜ ਹੈ, ਉਥੇ ਮੈਂ ਬਹੁਤ ਤਪੱਸਿਆ ਕੀਤੀ ਸੀ ਅਤੇ ਕੀਤੀ ਵੀ ਇਸ ਤਰ੍ਹਾਂ ਸੀ ਕਿ ਮੈਂ ਦੋ ਤੋਂ ਇਕ ਵਾਹਿਗੁਰੂ ਰੂਪ ਹੀ ਹੋ ਗਿਆ ਸੀ। ਓਧਰ ਮੇਰੇ ਮਾਤਾ, ਪਿਤਾ ਵੀ ਪ੍ਰਮੇਸ਼ਰ ਦੀ ਭਗਤੀ ਕਰਦੇ ਸਨ। ਵਾਹਿਗੁਰੂ ਉਨ੍ਹਾਂ ਉੱਤੇ ਬਹੁਤ ਪ੍ਰਸੰਨ ਹੋਇਆ। ਵਾਹਿਗੁਰੂ ਦੀ ਆਗਿਆ ਅਨੁਸਾਰ ਮੈਂ ਉਨ੍ਹਾਂ ਦੇ ਘਰ ਜਨਮ ਲੈ ਲਿਆ। ਮੇਰਾ ਮਨ ਇੱਥੇ ਆਉਣ ਨੂੰ ਨਹੀਂ ਕਰਦਾ ਸੀ, ਮੇਰੀ ਬਿਰਤੀ ਵਾਹਿਗੁਰੂ ਦੇ ਚਰਨਾਂ ਵਿਚ ਲੱਗੀ ਹੋਈ ਸੀ ਅਤੇ ਮੈਂ ਬਹੁਤ ਅਨੰਦ-ਮਈ ਅਵਸਥਾ ਵਿਚ ਸੀ। ਪਰ ਮੈਨੂੰ ਵਾਹਿਗੁਰੂ ਨੇ ਸਮਝਾਇਆ ਅਤੇ ਇਸ ਤਰ੍ਹਾਂ ਆਖ ਕੇ ਇਸ ਲੋਕ ਉੱਤੇ ਘੱਲਿਆ :-

ਜਦੋਂ ਅਸਾਂ ਪਹਿਲਾਂ ਦੁਨੀਆਂ ਬਣਾਈ ਤਾਂ ਦੈਂਤ, ਦੇਵਤੇ; ਸੂਰਜ, ਚੰਦ, ਅੱਗ, ਇੰਦਰ ਆਦਿ, 8 ਹੋਰ ਦੇਵਤੇ ਅਤੇ ਸਾਧੂ, ਸਿੱਧ, ਜੋਗੀ, ਸਨਿਆਸੀ, ਆਦਿ, ਬਣਾਏ। ਸਭ ਨੇ ਆਪਣੀਆਂ ਮਨ-ਮਰਜੀਆਂ ਹੀ ਕੀਤੀਆਂ। ਸਾਡੇ ਦੱਸੇ ਰਸਤੇ ਉੱਤੇ ਕੋਈ ਵੀ ਨਾ ਚੱਲਿਆ।

ਫਿਰ, ਵਾਹਿਗੁਰੂ ਨੇ ਮੈਨੂੰ ਆਗਿਆ ਕੀਤੀ, "ਮੈਂ ਤੈਨੂੰ ਆਪਣਾ ਪੁੱਤਰ ਬਣਾਇਆ ਹੈ। ਥਾਂ-ਥਾਂ ਧਰਮ ਚਲਾਉ ਅਤੇ ਭੈੜੇ ਕੰਮਾਂ ਤੋਂ ਲੋਕਾਂ ਨੂੰ ਵਰਜੋ।" ਮੈਂ ਹੱਥ ਜੋੜ ਕੇ ਖੜੋ ਗਿਆ ਤੇ ਸਿਰ ਨੀਵਾਂ ਕਰਕੇ ਬੇਨਤੀ ਕੀਤੀ, "ਜੇ ਆਪ ਸਹਾਇਤਾ ਕਰੋਗੇ ਤਾਂ ਜਗਤ ਅੰਦਰ ਪੰਥ ਚੱਲੇਗਾ। ਇਸ ਕੰਮ ਵਾਸਤੇ ਪ੍ਰਭੂ ਨੇ ਮੈਨੂੰ ਘੱਲਿਆ ਹੈ। ਜੋ ਮੈਨੂੰ ਹੁਕਮ ਦਿੱਤਾ ਹੈ ਉਹ ਮੈਂ ਸਾਰਿਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਿਸੇ ਨਾਲ ਵੈਰ ਨਹੀਂ ਕਰਾਂਗਾ। ਜਿਹੜੇ ਮੈਨੂੰ ਵਾਹਿਗੁਰੂ ਜਾਨਣਗੇ ਉਹ ਨਰਕਾਂ ਵਿਚ ਜਾਣਗੇ। ਮੈਨੂੰ ਪ੍ਰਭੂ ਦਾ ਖ਼ਾਸ ਦਾਸ ਸਮਝੋ। ਇਸ ਵਿਚ ਕੋਈ ਫਰਕ ਨਾ ਜਾਣੋ। ਮੈਂ ਜਗਤ ਅੰਦਰ ਤਮਾਸ਼ਾ ਵੇਖਣ ਆਇਆ ਹਾਂ। ਜੋ ਮੈਨੂੰ ਵਾਹਿਗੁਰੂ ਨੇ ਆਉਣ ਲੱਗਿਆਂ ਆਖਿਆ ਹੈ, ਮੈਂ ਉਹ ਗੱਲ ਆਖਾਂਗਾ। ਲੋਕਾਂ ਤੋਂ ਚੁੱਪ ਨਹੀਂ ਰਹਾਂਗਾ ਅਤੇ ਸੱਚ ਆਖਣ ਤੋਂ ਡਰਾਂਗਾ ਨਹੀਂ। ਵਾਹਿਗੁਰੂ ਦੇ ਨਾਮ ਦਾ ਬੀਜ ਬੀਜਾਂਗਾ। ਮੈਂ ਪੱਥਰ ਪੂਜਣ ਵਾਲਾ ਨਹੀਂ ਹਾਂ। ਨਾ ਹੀ ਕੋਈ ਭੇਖੀ ਹਾਂ। ਮੈਂ ਵਾਹਿਗੁਰੂ ਦਾ ਨਾਮ ਜਪਣ ਵਾਲਾ ਹਾਂ ਅਤੇ ਇੰਜ ਮੈਂ ਵਾਹਿਗੁਰੂ ਨੂੰ ਲੱਭ ਲਵਾਂਗਾ। ਮੈਂ ਚੰਗੇ ਕੰਮ ਕਰਨ ਲਈ ਜਗਤ ਅੰਦਰ ਆਇਆ ਹਾਂ।

ਮੈਂ ਹਰ ਥਾਂ ਧਰਮ ਫੈਲਾਵਾਂਗਾ ਅਤੇ ਦੁਸ਼ਟਾਂ ਦੋਖੀਆਂ ਨੂੰ ਫੜ-ਫੜ ਮਾਰਾਂਗਾ।"

ਦਸ਼ਮੇਸ਼ ਪਿਤਾ ਇਸ ਜਗਤ ਵਿਚ ਆਉਣ ਦਾ ਮੰਤਵ ਆਪਣੀ ਬਾਣੀ ਵਿਚ ਸਪਸ਼ਟ ਕਰਦੇ ਹਨ :-

**ਜਿਮ ਤਿਨ ਕਹੀ ਇਨੈ ਤਿਮ ਕਹਿ ਹੌਂ।**
**ਅਉਰੁ ਕਿਸੁ ਤੇ ਬੈਰ ਨ ਗਹਿ ਹੌਂ।੩੧।**
**ਜੋ ਹਮ ਕੋ ਪਰਮੇਸੁਰ ਉਚਰਿ ਹੈ।**
**ਤੇ ਸਭ ਨਰਕਿ ਕੁੰਡ ਮਹਿ ਪਰਿ ਹੈ।**
**ਮੋ ਕੋ ਦਾਸੁ ਤਬਨ ਕਾ ਜਾਨੋ।**
**ਯਾ ਮੈਂ ਭੇਦੁ ਨ ਰੰਚ ਪਛਾਨੋ।੩੨।**
**ਮੈਂ ਹੋਂ ਪਰਮ ਪੁਰਖ ਕੋ ਦਾਸਾ।**
**ਦੇਖਨਿ ਆਯੋ ਜਗਤ ਤਮਾਸਾ।**
**ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋ।**
**ਮ੍ਰਿਤ ਲੋਗ ਤੇ ਮੋਨਿ ਨ ਰਹਿ ਹੋ।੩੩।**

**ਚੌਪਈ: ਹਮ ਇਹ ਕਾਜ ਜਗਤ ਮੋ ਆਏ।**
**ਧਰਮ ਹੇਤ ਗੁਰਦੇਵ ਪਠਾਏ।**
**ਜਹਾਂ ਤਹਾਂ ਤੁਮ ਧਰਮ ਬਿਥਾਰੋ।**
**ਦੁਸਟ ਦੋਖਯਨਿ ਪਕਰਿ ਪਛਾਰੋ।੪੨।**
**ਯਾਹੀ ਕਾਜ ਧਰਾ ਹਮ ਜਨਮੰ।**
**ਸਮਝਿ ਲੇਹੁ ਸਾਧੂ ਸਭ ਮਨਮੰ।**
**ਧਰਮ ਚਲਾਵਨ ਸੰਤ ਉਬਾਰਨ।**
**ਦੁਸ਼ਟ ਸਭਨ ਕੋ ਮੂਲ ਉਪਾਰਨਿ'।੪੩।**

ਗੁਰੂ ਜੀ ਦੀ ਆਤਮ ਕਥਾ, ਬਚਿੱਤਰ ਨਾਟਕ, ਨੂੰ ਪੜ੍ਹਣ ਤੋਂ ਪਤਾ ਲਗਦਾ ਹੈ ਕਿ ਇਸ ਜੀਵਨੀ ਨੂੰ ਗੁਰੂ ਜੀ ਨੇ ਭੰਗਾਣੀ ਅਤੇ ਹੁਸੈਨੀ ਦੇ ਯੁੱਧ ਤੋਂ ਤੁਰੰਤ ਬਾਅਦ ਹੀ ਪੂਰਨ ਰੂਪ ਦਿੱਤਾ ਹੈ ਤਾਂ ਹੀ ਇਸ ਵਿਚ ਭੰਗਾਣੀ ਅਤੇ ਹੁਸੈਨੀ ਦੇ ਯੁੱਧਾਂ ਬਾਰੇ ਵਿਸਥਾਰ ਵਿਚ ਲਿਖਿਆ ਗਿਆ ਹੈ ਅਤੇ ਹੋਰ ਕਿਸੇ ਯੁੱਧ ਦਾ ਜ਼ਿਕਰ ਨਹੀਂ ਕੀਤਾ ਗਿਆ।

### (ਅ) ਜਨਮ ਤੇ ਬਚਪਨ:-

ਗੁਰੂ ਜੀ ਦਾ ਜਨਮ ਪੋਹ ਸੁਦੀ 7 ਵੀਂ (22 ਦਸੰਬਰ 1666 ਈ.) ਵਾਲੇ ਦਿਨ ਗੁਰੂ ਤੇਗ ਬਹਾਦਰ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਪਵਿੱਤਰ ਕੁੱਖ ਤੋਂ ਪਟਨਾ ਸਾਹਿਬ ਵਿਖੇ ਹੋਇਆ। ਮਾਮਾ ਕਿਰਪਾਲ ਚੰਦ ਜੀ ਘਰ ਪਰਿਵਾਰ ਦਾ ਪੂਰਾ ਧਿਆਨ ਰੱਖਦੇ ਸਨ। ਭਾਈ ਦਿਆਲਾ ਜੀ ਕੁਝ ਹੋਰ



ਸਿੱਖਾਂ ਦੇ ਸਹਿਯੋਗ ਨਾਲ ਸਾਰੇ ਪ੍ਰਬੰਧਾਂ ਦੀ ਦੇਖਭਾਲ ਕਰਦੇ ਸਨ। ਗੁਰੂ ਜੀ ਦਾ ਬਚਪਨ ਦਾ ਨਾਂ ਗੋਬਿੰਦ ਰਾਏ ਸੀ। ਜਦੋਂ ਠਸਕਾ/ਘੜਾਮ (ਜ਼ਿਲਾ ਕਰਨਾਲ) ਦੇ ਪੀਰ ਭੀਖਨ ਸ਼ਾਹ ਨੂੰ ਆਪਣੀ ਆਤਮਿਕ ਸ਼ਕਤੀ ਦੁਆਰਾ ਗੁਰੂ ਜੀ ਦੇ ਜਨਮ ਬਾਰੇ ਪਤਾ ਲੱਗਾ ਤਾਂ ਉਸ ਨੇ ਪੱਛਮ ਦੀ ਥਾਂ ਪਟਨਾ ਵਲ ਮੂੰਹ ਕਰਕੇ ਨਮਾਜ਼ ਪੜ੍ਹੀ ਅਤੇ ਨਾਲ ਹੀ ਗੁਰੂ ਜੀ ਦੇ ਦਰਸ਼ਨਾਂ ਲਈ ਪਟਨਾ ਵਿਖੇ ਜਾਣ ਦਾ ਮਨ ਬਣਾਇਆ। ਪਟਨਾ ਪੁੱਜ ਕੇ ਇਕ ਕੁੱਜੀ ਵਿਚ ਹਿੰਦੂ ਦੀ ਦੁਕਾਨ ਦੀ ਮਠਿਆਈ ਅਤੇ ਦੂਜੀ ਵਿਚ ਮੁਸਲਮਾਨ ਦੀ ਦੁਕਾਨ ਦੀ ਮਠਿਆਈ ਪਾ ਕੇ ਦੋਵੇਂ ਕੁੱਜੀਆਂ ਬਾਲ ਗੁਰੂ ਜੀ ਦੇ ਅੱਗੇ ਕੀਤੀਆਂ। ਗੁਰੂ ਜੀ ਨੇ ਦੋਵਾਂ ਤੇ ਇਕ-ਇਕ ਹੱਥ ਰੱਖ ਦਿੱਤਾ, ਜਿਸਦਾ ਅਰਥ ਸੀ: ਉਨ੍ਹਾਂ ਨੂੰ ਦੋਵੇਂ ਫਿਰਕੇ ਇਕੋ ਜਿਹੇ ਹਨ।

ਪਟਨੇ ਦਾ ਪੰਡਿਤ ਸ਼ਿਵ ਦੱਤ ਬਾਲ ਗੁਰੂ ਜੀ ਨੂੰ ਸ੍ਰੀ ਰਾਮ ਚੰਦਰ ਜੀ ਦਾ ਰੂਪ ਮੰਨ ਕੇ ਸਤਿਕਾਰ ਕਰਦਾ ਸੀ। ਆਸ ਪਾਸ ਦੇ ਕਈ ਮੁਸਲਮਾਨ ਵੀ ਆਪ ਦੇ ਸ਼ਰਧਾਲੂ ਸਨ। ਨਵਾਬ ਰਹੀਮ ਬਖ਼ਸ਼ ਅਤੇ ਨਵਾਬ ਕਰੀਮ ਬਖ਼ਸ਼, ਜੋ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਸਨ, ਦਰਸ਼ਨ ਕਰਕੇ ਨਿਹਾਲ ਹੋ ਗਏ ਸਨ। ਉਨ੍ਹਾਂ ਗੁਰੂ ਜੀ ਨੂੰ ਇਕ ਪਿੰਡ ਅਤੇ ਦੋ ਬਾਗ਼ ਭੇਂਟ ਕੀਤੇ। ਪਟਨਾ ਨਿਵਾਸੀ ਰਾਜਾ ਫਤਹਿਚੰਦ ਮੈਣੀ ਅਤੇ ਉਸਦੀ ਰਾਣੀ ਵੀ ਗੁਰੂ ਜੀ ਦੇ ਸ਼ਰਧਾਲੂ ਸਨ। ਉਨ੍ਹਾਂ ਦੇ ਘਰ ਕੋਈ ਪੁੱਤਰ ਨਹੀਂ ਸੀ। ਰਾਣੀ ਗੁਰੂ ਜੀ ਨੂੰ ਹੋਰ ਬਾਲਕਾਂ ਨਾਲ ਖੇਡਦਾ ਵਾਖਦੀ ਤਾਂ ਉਸਨੂੰ ਬਾਲ ਗੁਰੂ ਜੀ ਦੀ ਸ਼ਕਲ ਸੂਰਤ ਬਹੁਤ ਸੋਹਣੀ ਲਗਦੀ ਸੀ। ਇਕ ਦਿਨ ਉਸ ਦੇ ਮਨ ਵਿਚ ਆਇਆ ਕਿ ਕਾਸ਼! ਐਸਾ ਬਾਲਕ ਉਨ੍ਹਾਂ ਦੇ ਘਰ ਵੀ ਹੁੰਦਾ।ਇਹ ਗੱਲ ਉਨ੍ਹਾਂ ਨੇ ਪੰਡਿਤ ਸ਼ਿਵਦੱਤ ਨਾਲ ਸਾਂਝੀ ਕੀਤੀ ਤਾਂ ਪੰਡਿਤ ਜੀ ਨੇ ਉਨ੍ਹਾਂ ਨੂੰ ਆਖਿਆ ਕਿ ਤੁਸੀਂ ਸਵੇਰੇ ਇਸ਼ਨਾਨ ਕਰਕੇ ਗੁਰੂ ਜੀ ਦਾ ਧਿਆਨ ਧਰਿਆ ਕਰੋ। ਉਹ ਹਰ ਰੋਜ਼ ਏਵੇਂ ਹੀ ਕਰਦੇ ਰਹੇ। ਇਕ ਦਿਨ ਇਕ ਰੱਬੀ ਨੂਰ ਵਾਲੇ ਬਾਲਕ ਨੇ ਰਾਣੀ ਦੀ ਗੋਦ ਵਿਚ ਬੈਠ ਕੇ ਗਲਵਕੜੀ ਪਾ ਕੇ ਆਖਿਆ, "ਮਾਂ ਜੀ! ਮੈਂ ਆ ਗਿਆ"। ਰਾਣੀ ਤੇ ਰਾਜਾ ਬਹੁਤ ਖੁਸ਼ ਹੋਏ। ਰਾਣੀ ਨੇ ਮਠਿਆਈ ਖਾਣ ਨੂੰ ਦਿੱਤੀ ਪਰ ਗੁਰੂ ਜੀ ਨੇ ਆਖਿਆ, "ਉਹ ਤਲੇ ਹੋਏ ਛੋਲੇ ਅਤੇ ਦੁੱਧ ਦੀ ਪੂਰੀ ਦਿਓ ਜੋ ਅੰਦਰ ਚੌਂਕੀ ਵਿਚ ਰੱਖੀ ਹੋਈ ਹੈ। ਰਾਣੀ ਬਹੁਤ ਖੁਸ਼ ਹੋਈ ਅਤੇ ਉਸਨੇ ਉਹ ਛੋਲੇ ਤੇ ਪੂਰੀਆਂ ਲਿਆ ਕੇ ਗੁਰੂ ਜੀ ਨੂੰ ਭੇਟ ਕੀਤੀਆਂ।(ਇਥੇ ਹੁਣ ਗੁਰਦੁਆਰਾ ਮੈਣੀ ਸੰਗਤ ਸੁਸ਼ੋਭਿਤ ਹੈ, ਜਿਥੇ ਛੋਲੇ ਪੂਰੀਆਂ ਦਾ ਪ੍ਰਸ਼ਾਦ ਮਿਲਦਾ ਹੈ।)

ਇਥੋਂ ਥੋੜੀ ਦੂਰ ਹੀ ਗੁਰੂ ਜੀ ਨੇ ਇਕ ਸੋਨੇ ਦਾ ਕੜਾ ਦਰਿਆ ਗੰਗਾ ਵਿਚ ਸੁੱਟ ਦਿੱਤਾ ਸੀ। ਜਦੋਂ ਮਾਮਾ ਕਿਰਪਾਲ ਚੰਦ ਨੇ ਪੁੱਛਿਆ, "ਕੜਾ ਕਿੱਥੇ

ਸੁੱਟਿਆ ਸੀ ?" ਤਾਂ ਗੁਰੂ ਜੀ ਨੇ ਦੂਸਰਾ ਕੜਾ ਵੀ ਹੱਥੋਂ ਲਾਹ ਕੇ ਦਰਿਆ ਵਿਚ ਵਗਾਹ ਮਾਰਿਆ ਤੇ ਆਖਿਆ, "ਓਥੇ ਕੁ"। ਗੁਰੂ ਜੀ ਦੀ ਬੇਪਰਵਾਹੀ 'ਤੇ ਮਾਮਾ ਕਿਰਪਾਲ ਚੰਦ ਬਹੁਤ ਹੈਰਾਨ ਹੋਇਆ। (ਇਥੇ ਹੁਣ ਗੁਰਦੁਆਰਾ ਗੋਬਿੰਦ ਘਾਟ ਸੁਸ਼ੋਭਿਤ ਹੈ।)

ਗੁਰੂ ਪਿਤਾ ਤੇਗ ਬਹਾਦਰ ਜੀ ਗੋਬਿੰਦ ਰਾਏ ਜੀ ਦੇ ਜਨਮ ਤੋਂ ਪਹਿਲਾਂ ਹੀ ਅਸਾਮ ਦੇ ਦੌਰੇ 'ਤੇ ਚਲੇ ਗਏ ਸਨ। ਅਸਾਮ ਤੋਂ ਗੁਰੂ ਜੀ ਢਾਕਾ ਵਲ ਚਲੇ ਗਏ। ਅਜੇ ਉਹ ਢਾਕਾ ਹੀ ਸਨ ਕਿ ਉਨ੍ਹਾਂ ਨੂੰ ਭਾਈ ਮਿਹਰ ਚੰਦ ਅਤੇ ਭਾਈ ਕਲਿਆਨ ਚੰਦ ਰਾਹੀਂ ਖ਼ਬਰ ਮਿਲੀ ਕਿ ੨੨ ਦਸੰਬਰ ੧੬੬੬ ਈ. ਨੂੰ ਉਨ੍ਹਾਂ ਦੇ ਘਰ ਬਾਲਕ ਦਾ ਜਨਮ ਹੋਇਆ ਹੈ। ਖ਼ਬਰ ਸੁਣਦੇ ਹੀ ਗੁਰੂ ਜੀ ਨੇ ਬਾਲਕ ਦਾ ਨਾਂ ਗੋਬਿੰਦ ਰਾਏ ਧਰਿਆ ਅਤੇ ਪਟਨੇ ਦੀ ਸੰਗਤ ਦੇ ਨਾਂ ਹੁਕਮਨਾਮਾ ਭੇਜਿਆ। ਗੁਰੂ ਜੀ ਪਹਿਲਾਂ ਵੀ ਇਸ ਸੰਗਤ ਦੇ ਨਾਮ ਹੁਕਮਨਾਮੇ ਭੇਜਦੇ ਰਹਿੰਦੇ ਸਨ।

ਅਸਾਮ ਦਾ ਦੌਰਾ ਕਰਦਿਆਂ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਪੰਜਾਬ ਦੇ ਹਾਲਾਤ ਬਾਰੇ ਪਤਾ ਲੱਗਾ ਤਾਂ ਉਹ ਆਨੰਦਪੁਰ ਸਾਹਿਬ ਪਹੁੰਚ ਗਏ ਅਤੇ ਪਰਿਵਾਰ ਨੂੰ ਵੀ ਪਟਨਾ ਤੋਂ ਆਨੰਦਪੁਰ ਸਾਹਿਬ ਬੁਲਾ ਲਿਆ। ਜਦ ਪਟਨੇ ਦੀ ਸੰਗਤ ਨੂੰ ਪਤਾ ਲੱਗਾ ਤਾਂ ਉਹ ਹੁੰਮ-ਹੁੰਮਾ ਕੇ ਦਰਸ਼ਨਾਂ ਨੂੰ ਆਈ। ਸੰਗਤ ਨੇ ਬੇਨਤੀ ਕੀਤੀ ਕਿ ਯਾਦਗਾਰ ਵੱਜੋਂ ਗੋਬਿੰਦ ਰਾਏ ਜੀ ਦਾ ਪੰਘੂੜਾ ਉੱਥੇ ਰਹਿਣ ਦਿੱਤਾ ਜਾਵੇ। ਮਾਤਾ ਜੀ ਨੇ ਇਹ ਬੇਨਤੀ ਪ੍ਰਵਾਨ ਕਰ ਲਈ।

ਫੱਗਣ ੧੭੨੮ ਬਿ. ਵਿਚ ਪਰਿਵਾਰ ਅਤੇ ਸੰਗਤ ਪਟਨੇ ਤੋਂ ਚੱਲ ਦਾਨਾਪੁਰ, ਬਨਾਰਸ, ਪਰਾਗ, ਲਖਨਊ, ਮਥੁਰਾ, ਸਹਾਰਨਪੁਰ, ਆਦਿ ਥਾਵਾਂ ਤੋਂ ਹੁੰਦੇ ਹੋਏ ਭਾਦੋਂ ੧੭੨੯ ਬਿ. ਵਿਚ ਲਖਨੌਰ (ਗੁਰੂ ਗੋਬਿੰਦ ਸਿੰਘ ਜੀ ਦਾ ਨਾਨਕਾ ਪਿੰਡ; ਭਾਈ ਲਾਲ ਚੰਦ, ਗੁਰੂ ਜੀ ਦੇ ਨਾਨਾ ਜੀ ਇਥੋਂ ਹੀ ਉੱਠ ਕੇ ਕਰਤਾਰਪੁਰ ਜਾ ਕੇ ਵੱਸੇ ਸਨ) ਪਹੁੰਚੇ। ਇਥੇ ਹੀ ਇਕ ਦਿਨ ਗੁਰੂ ਜੀ ਆਪਣੇ ਸਾਥੀ ਬਾਲਕਾਂ ਨਾਲ ਖੇਡ ਰਹੇ ਸਨ ਕਿ ਪੀਰ ਆਰਫ਼ ਦੀਨ ਉਸ ਰਸਤੇ ਲੰਘੇ। ਉਨ੍ਹਾਂ ਨੇ ਪਾਲਕੀ ਵਿੱਚੋਂ ਉੱਤਰ ਕੇ ਗੁਰੂ ਜੀ ਦੇ ਅੱਗੇ ਸੀਸ ਝੁਕਾਇਆ ਅਤੇ, ਵੱਖਰੇ ਕਰਕੇ, ਕੁਝ ਚਿਰ ਗੱਲ-ਬਾਤ ਵੀ ਕੀਤੀ। ਇਥੇ ਹੀ ਪੀਰ ਭੀਖਨ ਸ਼ਾਹ ਨੇ, ਠਸਕੇ ਤੋਂ ਆ ਕੇ, ਗੁਰੂ ਜੀ ਦੇ ਦੁਬਾਰਾ ਦਰਸ਼ਨ ਕੀਤੇ।

ਲਖਨੌਰ ਤੋਂ ਚਲ ਕੇ ਗੁਰੂ ਪਰਿਵਾਰ ਕੀਰਤਪੁਰ ਵਿਖੇ ਪਹੁੰਚਿਆ। ਉੱਥੇ ਗੁਰੂ ਜੀ ਦੇ ਤਾਇਆ ਸੂਰਜ ਮੱਲ ਦੇ ਪੋਤਰਿਆਂ ਨੇ ਬਹੁਤ ਆਦਰ ਕੀਤਾ ਅਤੇ ਆਪਣੇ ਘਰ ਉਤਾਰਾ ਦਿੱਤਾ। ਇਥੇ ਹੀ ਆਪ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ, ਬਾਬਾ ਗੁਰਦਿੱਤਾ ਜੀ ਅਤੇ ਗੁਰੂ ਹਰਿ ਰਾਇ ਸਾਹਿਬ ਦੇ ਪਵਿੱਤਰ



ਅਸਥਾਨਾਂ ਦੇ ਦਰਸ਼ਨ ਕੀਤੇ। ਜਦ ਆਪ ਕੀਰਤਪੁਰ ਤੋਂ ਚੱਲੇ ਤਾਂ ਅਨੰਦਪੁਰ ਦੀ ਸੰਗਤ, ਅੱਗੇ ਹੋ ਕੇ, ਆਪ ਜੀ ਦੇ ਸਵਾਗਤ ਲਈ ਆਈ ਅਤੇ ਰਾਤ ਨੂੰ ਅਨੰਦਪੁਰ ਸਾਹਿਬ ਵਿਖੇ ਦੀਪਮਾਲਾ ਕੀਤੀ ਗਈ।

### 3. ਵਿੱਦਿਆ ਅਤੇ ਹੋਰ ਸਿਖਲਾਈ:-

ਅਨੰਦਪੁਰ ਸਾਹਿਬ ਵਿਖੇ ਚੰਗੀ ਪਾਠਸ਼ਾਲਾ ਤੇ ਮਦਰੱਸਾ ਬਣਾਇਆ ਗਿਆ। ਪਾਠਸ਼ਾਲਾ ਦਾ ਪ੍ਰਬੰਧ ਮੁਨਸ਼ੀ ਸਾਹਿਬ ਚੰਦ ਅਤੇ ਮਦਰੱਸੇ ਦਾ ਪ੍ਰਬੰਧ ਕਾਜ਼ੀ ਪੀਰ ਮੁਹੰਮਦ (ਸਲੋਹ ਵਾਲੇ) ਕਰਦੇ ਸਨ। ਇਨ੍ਹਾਂ ਵਿਚ ਹੀ ਗੁਰੂ ਜੀ ਨੇ ਅਰਬੀ, ਫ਼ਾਰਸੀ ਤੇ ਸੰਸਕ੍ਰਿਤ ਪੜ੍ਹੀ । ਸੰਸਕ੍ਰਿਤ ਦੀ ਉਚ ਵਿਦਿਆ ਲਈ ਪੰਡਿਤ ਕਿਰਪਾ ਰਾਮ ਦੀ ਸੇਵਾ ਲਗਾਈ ਗਈ । (ਪਿੱਛੋਂ ਇਸੇ ਕਿਰਪਾ ਰਾਮ ਦੀ ਅਗਵਾਈ ਵਿਚ 500 ਕਸ਼ਮੀਰੀ ਪੰਡਿਤਾਂ ਦਾ ਵਫ਼ਦ 25 ਮਈ 1675 ਈ. ਨੂੰ ਗੁਰੂ ਤੇਗ ਬਹਾਦਰ ਜੀ ਪਾਸ ਆਇਆ ਸੀ।) ਗੁਰਮੁਖੀ ਅਤੇ ਕਾਫ਼ੀ ਸਾਰੀ ਗੁਰਬਾਣੀ ਆਪ ਜੀ ਨੇ ਮਾਤਾ ਜੀ ਪਾਸੋਂ ਪਹਿਲਾਂ ਹੀ ਪੜ੍ਹ ਲਈ ਹੋਈ ਸੀ । ਗੁਰਬਾਣੀ ਦਾ ਹੋਰ ਗਿਆਨ ਅਤੇ ਸ੍ਰੀ ਗ੍ਰੰਥ ਸਾਹਿਬ ਦਾ ਪਾਠ, ਵਿਚਾਰ ਆਪ ਜੀ ਨੂੰ ਗੁਰੂ ਤੇਗ ਬਹਾਦਰ ਜੀ ਨੇ ਆਪ ਦ੍ਰਿੜ ਕਰਵਾਇਆ ਸੀ । ਕੁਰਾਨ ਸ਼ਰੀਫ਼ ਆਪ ਜੀ ਨੇ ਕਾਜ਼ੀ ਪੀਰ ਮੁਹੰਮਦ ਪਾਸੋਂ ਪੜ੍ਹਿਆ। ਇਸ ਤੋਂ ਇਲਾਵਾ ਸ਼ਸਤਰ ਵਿਦਿਆ ਤੇ ਘੋੜ ਸਵਾਰੀ ਵੀ ਸਿਖਾਈ ਗਈ। ਵਿਹਲੇ ਸਮੇਂ ਆਪ ਖੇਡਾਂ ਵਿਚ ਜੁੱਟ ਜਾਂਦੇ। ਆਮ ਕਰਕੇ ਆਪਣੇ ਹਾਣੀਆਂ ਨੂੰ ਦੋ ਟੋਲਿਆਂ ਵਿਚ ਵੰਡ ਲੈਂਦੇ। ਇਕ ਦੇ ਮੋਹਰੀ ਆਪ ਬਣ ਜਾਂਦੇ ਅਤੇ ਦੂਜੇ ਦੇ ਕਿਸੇ ਹੋਰ ਸਿਰਕੱਢ ਮੁੰਡੇ ਨੂੰ ਬਣਾ ਲੈਂਦੇ। ਇਸ ਤਰ੍ਹਾਂ ਆਪ ਦੋ ਟਲਿਆਂ ਵਿਚਕਾਰ ਝੂਠੀਆਂ ਲੜਾਈਆਂ ਲੜਦੇ ਰਹਿੰਦੇ।

### 4. ਗੁਰ-ਗੱਦੀ:-

ਆਪਣੀ ਸ਼ਹਾਦਤ ਦੇਣ ਲਈ ਆਨੰਦਪੁਰ ਤੋਂ ਤੁਰਨ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਹੁਕਮ ਕਰ ਗਏ ਸਨ ਕਿ "ਸਾਡੇ ਪਿੱਛੋਂ ਗੁਰ-ਗੱਦੀ ਦੀ ਜ਼ਿਮੇਵਾਰੀ ਗੋਬਿੰਦ ਰਾਇ ਜੀ ਸੰਭਾਲਣਗੇ ।" ਇਸ ਹੁਕਮ ਅਨੁਸਾਰ ਗੁਰ-ਗੱਦੀ ਦੀ ਰਸਮ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਤੋਂ ਕੁਝ ਦਿਨ ਪਿੱਛੋਂ ਮੱਘਰ 1732 ਬਿ. ਵਿਚ ਪੂਰੀ ਕੀਤੀ ਗਈ । ਬਾਬਾ ਬੁੱਢਾ ਜੀ ਦੀ ਅੰਸ਼ ਬਾਬਾ ਰਾਮ ਕੰਵਰ ਜੀ ਨੇ ਕਲਗੀ ਜਿਗ੍ਹਾ ਸਜਾ ਕੇ, ਸ੍ਰੀ ਸਾਹਿਬ ਪਹਿਨਾ ਕੇ, ਗੁਰ-ਗੱਦੀ ਦਾ ਤਿਲਕ ਲਗਾਇਆ ਅਤੇ ਸਾਰੀ ਰਸਮ ਪੂਰੀ ਕੀਤੀ । ਗੁਰਿਆਈ ਦਾ ਕੰਮ ਆਪ ਜੀ ਨੇ ਸ਼ਹੀਦੀ ਵਾਲੇ ਦਿਨ (11 ਨਵੰਬਰ, 1675 ਈ.) ਤੋਂ ਹੀ ਸੰਭਾਲ ਲਿਆ ਸੀ ।

## 5. ਵਿਰੋਧੀ ਤਾਕਤਾਂ ਅਤੇ ਗੁਰੂ ਜੀ ਦੀ ਯੋਜਨਾ:-

ਦਸ਼ਮੇਸ਼ ਜੀ ਦੀ ਉਮਰ ਸਿਰਫ 9 ਸਾਲ ਦੀ ਸੀ ਜਦੋਂ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਹੋਈ ਅਤੇ ਗੁਰਤਾ ਦੀ ਸਾਰੀ ਜ਼ਿੰਮੇਵਾਰੀ ਆਪ ਜੀ ਉੱਤੇ ਆਣ ਪਈ । ਆਪ ਜੀ ਦੇ ਸਾਹਮਣੇ ਤਿੰਨ ਵਿਰੋਧੀ ਤਾਕਤਾਂ ਸਨ :-

i) ਔਰਗੰਜ਼ੇਬ ਦੀ ਮਜ਼ਬੂਤ ਅਤੇ ਨਿਰਦਈ ਸਰਕਾਰ, ਜੋ ਪਹਿਲਾਂ ਆਪਣੇ ਭਰਾਵਾਂ ਨਾਲ ਧੋਖਾ ਕਰਕੇ ਅਤੇ ਫਿਰ ਉਨ੍ਹਾਂ ਦਾ ਘਾਣ ਕਰਕੇ ਤਖ਼ਤ ਉੱਤੇ ਬੇਠਾ ਸੀ ਅਤੇ ਜਿਸਨੇ ਬਾਅਦ ਵਿਚ ਆਪਣੇ ਪਿਤਾ ਨੂੰ 8 ਸਾਲ ਅਤੇ ਆਪਣੇ ਪੁੱਤਰ ਮੁਅੱਜ਼ਮ ਨੂੰ (ਉਸਦੇ ਚਾਰ ਪੁੱਤਰਾਂ ਸਮੇਤ) 7 ਸਾਲ ਕੈਦ ਵਿਚ ਰੱਖਿਆ ਸੀ। ਉਸ ਪੱਥਰ ਦਿਲ ਜ਼ਾਲਮ ਨੇ ਸਾਰੇ ਹਿੰਦੋਸਤਾਨ ਨੂੰ ਇਸਲਾਮ ਦੇ ਘੇਰੇ ਵਿਚ ਲਿਆਉਣ ਦੀ ਯੋਜਨਾ ਬਣਾਈ ਅਤੇ ਇਸੇ ਨੀਤੀ ਅਧੀਨ ਗੁਰੂ ਤੇਗ਼ ਬਹਾਦਰ ਜੀ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਵਾਇਆ ਸੀ।

ii) ਦੂਜੇ ਵਿਰੋਧੀ ਸਨ ਉਚ-ਜਾਤੀਏ ਪਹਾੜੀ ਹਿੰਦੂ ਰਾਜੇ, ਜੋ ਗੁਰੂ ਜੀ ਦੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥' 'ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥' ਅਤੇ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥' ਦੇ ਮਾਨਵਤਾ ਪੱਖੀ ਨਾਅਰਿਆਂ ਨੂੰ ਆਪਣੀ ਜਾਤ-ਪਾਤੀ ਸੋਚ ਅਤੇ ਰਾਜਸੀ ਹਿਤਾਂ ਦੇ ਵਿਰੁੱਧ ਸਮਝਦੇ ਸਨ ।

iii) ਤੀਜੀ ਧਿਰ ਸੀ ਪ੍ਰਿਥੀਏ, ਧੀਰ ਮੱਲੀਏ, ਰਾਮ ਰਾਈਏ ਅਤੇ ਉਨ੍ਹਾਂ ਦੇ ਪਿਛਲਗਾਂ ਦੀ ।

ਦੂਸਰੇ ਪਾਸੇ ਦਸ਼ਮੇਸ਼ ਜੀ ਕੋਲ ਨਾ ਸਾਧਨ ਸਨ ਨਾ ਸਾਥੀ ਅਤੇ ਨਾ ਫੌਜ ਸੀ ਨਾ ਫੌਜੀ ਸਾਮਾਨ। ਇਸ ਤੋਂ ਛੁੱਟ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਾਹਜਹਾਨ ਦੇ ਰਾਜ ਵਿਚ ਚਾਰ ਲੜਾਈਆਂ ਜਿੱਤ ਕੇ ਸਵੈਮਾਨ ਅਤੇ ਸੂਰਬੀਰਤਾ ਸਿੱਖਾਂ ਵਿਚ ਭਰੀ ਸੀ, ਉਹ ਵੀ ਪਿਛਲੇ 40 ਕੁ ਸਾਲਾਂ ਵਿਚ ਕੋਈ ਲੜਾਈ ਨਾ ਹੋਣ ਕਾਰਨ ਮੱਠੀ ਪੈ ਚੁਕੀ ਸੀ ।

ਇਸ ਸਭ ਦੇ ਬਾਵਜੂਦ, ਗੁਰੂ ਜੀ ਦੀ ਦ੍ਰਿੜ੍ਹਤਾ, ਪ੍ਰਪੱਕਤਾ ਅਤੇ ਸੂਝ-ਬੂਝ ਹੈਰਾਨ ਕਰਨ ਵਾਲੀ ਸੀ। ***ਆਪ ਜੀ ਨੇ ਪੱਕਾ ਮਨ ਬਣਾਇਆ ਕਿ ਜਿਸ ਰਾਜ ਵਿਚ ਸ਼ਾਤੀ ਦੇ ਸਾਗਰ ਗੁਰੂ ਅਰਜਨ ਦੇਵ, ਗੁਰੂ ਤੇਗ਼ ਬਹਾਦਰ, ਭਾਈ ਦਿਆਲਾ, ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਵਰਗੇ ਨਿਰਦੋਸ਼ ਮਹਾਂਪੁਰਸ਼ਾਂ ਨੂੰ ਅਣ-ਮਨੁੱਖੀ ਤਸੀਹੇ ਦੇ ਕੇ ਸ਼ਹੀਦ ਕੀਤਾ ਜਾ ਸਕਦਾ ਹੈ, ਉਸਨੂੰ ਜੜ੍ਹਾਂ ਤੋਂ ਪੁੱਟਣਾ ਹੀ ਯੋਗ ਹੋਵੇਗਾ।*** ਇਸ ਕਾਰਜ ਲਈ ਸਾਰੇ ਸਾਧਨ ਉਪਲਭਦ ਕਰਨੇ ਪੈਣਗੇ; ਅਜੇਹੇ ਸੰਤਾਂ ਅਤੇ ਸੂਰਮਿਆਂ ਦੀ ਫੌਜ/ਕੌਮ ਤਿਆਰ ਕਰਨੀ



ਹੋਵੇਗੀ ਜਿਨ੍ਹਾਂ ਦੇ ਹੱਥ ਵਿਚ ਤਿੱਖੀ ਤਲਵਾਰ ਹੋਵੇ ਅਤੇ ਜਿਨ੍ਹਾਂ ਦੇ ਦਿਲ ਵਿਚ ਦਇਆ, ਧਰਮ, ਸਤ, ਸੰਤੋਖ ਅਤੇ ਪਿਆਰ ਹੋਵੇ ਅਤੇ ਜੋ ਦੇਸ਼ ਵਿਚ ਹੋ ਰਹੇ ਅਤਿਆਚਾਰ ਅਤੇ ਅਨਿਆਇ ਨੂੰ ਠੱਲ੍ਹ ਪਾਉਣ ਅਤੇ ਦੇਸ ਦੇ ਗਲੋਂ ਗੁਲਾਮੀ ਲਾਹੁਣ ਲਈ ਆਪਣਾ ਸਭ ਕੁਛ ਨਿਛਾਵਰ ਕਰਨ ਲਈ ਤੱਤਪਰ ਹੋਣ ।

ਜਦੋਂ ਗੁਰੂ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਉੱਤੇ ਦਿੱਲੀ ਦੇ ਸਿੱਖ ਇੰਨੇ ਡਰ ਗਏ ਸਨ ਕਿ ਕਿਸੇ ਨੇ ਗੁਰੂ ਜੀ ਦਾ ਸੀਸ ਅਤੇ ਧੜ ਚੁੱਕਣ ਦਾ ਹੌਸਲਾ ਨਾ ਕੀਤਾ (ਭਾਈ ਰੰਗਰੇਟੇ ਨੇ ਉਨ੍ਹਾਂ ਦਾ ਸੀਸ ਚੁੱਕਕੇ ਅਨੰਦਪੁਰ ਲਿਆਂਦਾ ਅਤੇ ਭਾਈ ਲੱਖੀ ਸ਼ਾਹ ਲੁਬਾਣੇ ਨੇ ਉਨ੍ਹਾਂ ਦਾ ਧੜ ਗੱਡੇ ਵਿਚ ਰੱਖਕੇ ਲੁਕਾਕੇ ਖੜਿਆ ਅਤੇ ਆਪਣੇ ਘਰ ਨੂੰ ਅੱਗ ਲਾ ਕੇ ਸਸਕਾਰ ਕੀਤਾ । ਉੱਚ-ਜਾਤੀਆ ਕੋਈ ਵੀ ਸਿੱਖ ਨਾ ਨਿਤਰਿਆ । ਸਗੋਂ ਆਪਣੇ-ਆਪ ਨੂੰ ਸਿੱਖ ਆਖਣ ਤੋਂ ਵੀ ਜਰਕ ਗਏ) ਤਾਂ ਗੁਰੂ ਜੀ ਨੂੰ ਬਹੁਤ ਦੁੱਖ ਹੋਇਆ । ਉਨ੍ਹਾਂ ਨੇ ਸੋਚਿਆ ਕਿ ਇਸ ਤਰ੍ਹਾਂ ਤਾਂ ਸਿੱਖ ਉਸ ਨਿਵਾਣ ਵੱਲ ਹੀ ਚਲੇ ਜਾਣਗੇ ਜਿੱਥੇ ਸਿੱਖ ਬਣਨ ਤੋਂ ਪਹਿਲਾਂ ਸਨ । ਉਸ ਵੇਲੇ ਰੋਹ ਵਿਚ ਆ ਕੇ ਜਿਹੜੇ ਬਚਨ ਉਨ੍ਹਾਂ ਕੀਤੇ, ਭਾਈ ਸੰਤੋਖ ਸਿੰਘ ਨੇ ਇਸ ਪਰਕਾਰ ਲਿਖੇ ਹਨ:-

**ਸ੍ਰੀ ਗੋਬਿੰਦ ਸਿੰਘ ਐਸੇ ॥ ਗਰਜਤਿ ਬੋਲੇ ਘਨਹਰ[੧] ਜੈਸੇ ॥**
**ਇਸ ਬਿਧ ਕੋ ਅਬ ਪੰਥ ਬਨਾਵੋਂ ॥ ਸਕਲ ਜਗਤ ਮਹਿ ਬਹੁ ਬਿਦਤਾਵੋਂ[੨] ॥**
**ਲਾਖਹੁੰ ਨਰ ਜਗ ਕੇ ਇਕ ਥਾਇੰ ॥ ਤਿਨ ਮਹਿ ਮਿਲੇ ਏਕ ਸਿੱਖ ਜਾਇ ॥**
**ਸਭ ਮਹਿ ਪ੍ਰਥਕ ਪਛਾਨਯੋ ਪਰੈ ॥ ਰਲੈ ਨ ਕੋਯੋਹੂੰ ਕੋ ਸਹੁ ਕਰੈ ॥**
**ਜਥਾ ਬਕਨ[੩] ਮਹਿ ਹੰਸ ਨ ਛਪੈ ॥ ਗਿਰੀਅਨ[੪] ਵਿਖੈ ਮੋਰ ਜਿਮ ਦਿਪੈ[੫] ॥**
**ਜ਼ਗੋਂ ਖਰਗਨ[੬] ਮਹਿ ਬਲੀ ਤੁਰੰਗ[੭] ॥ ਜਥਾ ਮ੍ਰਿਗਨ ਮਹਿ ਕੇਹਰ[੮] ਅੰਗ ॥**
**ਤਿਮ ਨਾਨਾ ਭੇਖਨ ਕੇ ਮਾਹਿ ॥ ਮਮ ਸਿੱਖ ਕੋ ਸਗਲੇ ਪਰਖਾਇ ॥**

ਗੁਰ ਪ੍ਰਤਾਪ ਸੂਰਜ ਗ੍ਰੰਥ

ਅਰਥਾਤ, ਮੈਂ ਸਿੱਖਾਂ ਨੂੰ ਅਜੇਹੀ ਸ਼ਕਲ, ਸੂਰਤ ਅਤੇ ਪਹਿਰਾਵਾ ਦੇਵਾਂਗਾ ਕਿ ਸਿੱਖ ਹੋਰਨਾਂ ਲੱਖਾਂ ਵਿਚ ਰਲਿਆ ਵੀ ਪਛਾਣਿਆ ਜਾ ਸਕੇ, ਪੁਛ-ਗਿੱਛ ਦੀ ਲੋੜ ਹੀ ਨਾ ਪਵੇ । ਨੌ ਸਾਲ ਦੀ ਉਮਰ ਵਿਚ ਕੀਤੇ ਇਨ੍ਹਾਂ ਬਚਨਾਂ ਤੋਂ ਪਤਾ ਲਗਦਾ ਹੈ ਕਿ ਮਹਾਂ ਬਲੀ ਦਸ਼ਮੇਸ਼ ਜੀ ਛੋਟੀ ਉਮਰ ਵਿਚ ਹੀ ਕਿੰਨੀ ਚੜ੍ਹਦੀ-ਕਲਾ, ਦ੍ਰਿੜ੍ਹਤਾ, ਸਿਆਣਪ ਅਤੇ ਦੂਰ-ਦ੍ਰਿਸ਼ਟੀ ਦੇ ਮਾਲਕ ਸਨ ।

---

੧. ਬੱਦਲ　੩. ਬਗਲੇ　੫. ਦਿਸਦਾ ਹੈ　੭. ਘੋੜਾ
੨. ਪਰਗਟ ਕਰਾਂ　੪. ਪਹਾੜ　੬. ਖੋਤੇ　੮. ਸ਼ੇਰ।

## 6. ਤਿਆਰੀ ਪ੍ਰਤੀ ਉਪਰਾਲੇ:-

ਆਪਣੀ ਯੋਜਨਾ ਨੂੰ ਸਿਰੇ ਚਾੜ੍ਹਨ ਲਈ ਗੁਰੂ ਜੀ ਇਹ ਸਮਝਦੇ ਸਨ ਕਿ ਸਮੁੱਚੇ ਸਮਾਜ ਦੀ ਗੁਲਾਮ-ਕੌਮਾਂ-ਵਾਲੀ ਮਾਨਸਿਕਤਾ ਨੂੰ ਬਦਲਨਾ ਪਵੇਗਾ ਅਤੇ ਆਜ਼ਾਦ-ਕੌਮਾਂ-ਵਾਲੀ ਜਾਗ੍ਰਿਤੀ ਅਤੇ ਸੋਚ ਉਨ੍ਹਾਂ ਦੇ ਮਨਾਂ ਵਿਚ ਭਰਨੀ ਪਵੇਗੀ । ਇਸ ਕੰਮ ਦੀ ਪੂਰਤੀ ਲਈ ਉਨ੍ਹਾਂ ਨੇ ਸਾਹਿਤ ਦੀ ਮਹੱਤਤਾ ਅਤੇ ਮਹਾਨਤਾ ਨੂੰ ਪਛਾਣਿਆ । ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਲੋਕਾਂ ਦੇ ਸੁਭਾਵਾਂ ਅਤੇ ਰੁਚੀਆਂ ਨੂੰ ਬਦਲਨ ਲਈ ਸਾਹਿਤ ਦੀ ਅਹਿਮ ਭੂਮਿਕਾ ਹੁੰਦੀ ਹੈ ।

ਸਾਹਿਤ ਵੀ ਇਸ ਤਰ੍ਹਾਂ ਦਾ ਹੋਵੇ ਕਿ ਲੋਕ ਆਪ-ਮੁਹਾਰੇ ਉਸਨੂੰ ਪੜ੍ਹਨਾ ਚਾਹੁਣ । ਇਹ ਤਾਂ ਹੀ ਹੋ ਸਕਦਾ ਹੈ ਜੇ ਇਹ ਆਮ ਲੋਕਾਂ ਦੀ ਬੋਲੀ ਵਿਚ ਅਤੇ ਕਵਿਤਾ ਦੇ ਰੂਪ ਵਿਚ ਹੋਵੇ । ਗੁਰੂ ਜੀ ਨੇ ਦੇਸ ਭਰ ਦੇ ਕਵੀਆਂ ਨੂੰ ਖੁੱਲਾ ਸੱਦਾ ਦਿੱਤਾ ਅਤੇ ਸਿਰਮੌਰ ਕਵੀਆਂ ਨੂੰ ਆਪਣੇ ਦਰਬਾਰ ਵਿਚ ਰੱਖਕੇ ਪੁਰਾਤਨ ਧਰਮ ਗ੍ਰੰਥਾਂ ਦਾ ਅਨੁਵਾਦ ਕਰਾਇਆ । ਇਸ ਦੇ ਨਾਲ-ਨਾਲ ਰਾਮਾਇਣ, ਮਹਾਂਭਾਰਤ ਵਿਚ ਦਿੱਤੀਆਂ ਸੂਰਮਿਆਂ ਦੀ ਕਥਾਵਾਂ ਦਾ ਵੀ ਉਲਥਾ ਕਰਾਇਆ । ਇਨ੍ਹਾਂ ਕਵੀਆਂ ਦੀ ਗਿਣਤੀ ੫੨ ਸੀ। ਇਨ੍ਹਾਂ ਪਾਸੋਂ ਗੁਰੂ ਜੀ ਨੇ ਨਵਾਂ ਸਾਹਿਤ ਵੀ ਰਚਵਾਇਆ ਅਤੇ ਆਪ ਵੀ ਰਚਿਆ । ਆਪ ਜੀ ਵੱਲੋਂ ਰਚੀ ਕਵਿਤਾ ਬਾਰੇ ਮੰਨਿਆ ਜਾਂਦਾ ਹੈ ਕਿ ਇਸ ਦੇ ਬਰਾਬਰ ਦੀ ਵਧੀਆ ਅਤੇ ਉੱਤਮ ਰਚਨਾ ਸੰਬੰਧਤ ਬੋਲੀ ਵਿਚ ਹੋਰ ਕੋਈ ਨਹੀਂ ਰਚ ਸਕਿਆ ।

ਕੁਝ ਸਿੱਖ ਵਿਦਵਾਨਾਂ ਨੂੰ ਆਪ ਜੀ ਨੇ ਸੰਸਕ੍ਰਿਤ ਪੜ੍ਹਨ ਲਈ ਬਨਾਰਸ ਭੇਜਿਆ ਜਿਨ੍ਹਾਂ ਨੇ ਵਾਪਸ ਆ ਕੇ ਸਾਹਿਤ ਰਚਨਾ ਵਿਚ ਅਤੇ ਪ੍ਰਾਚੀਨ ਸਾਹਿਤ ਦਾ ਉਲਥਾ ਕਰਨ ਵਿਚ ਭਰਵਾਂ ਯੋਗਦਾਨ ਪਾਇਆ । ਇਨ੍ਹਾਂ ਵਿਦਵਾਨਾਂ ਨੂੰ ਨਿਰਮਲੇ ਕਹਿੰਦੇ ਸਨ । ਧਰਮ-ਪ੍ਰਚਾਰ ਦੇ ਕੰਮ ਵਿਚ ਵੀ ਇਨ੍ਹਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ।

ਜਿਸ ਲੋਕ ਮਾਨਸਿਕਤਾ ਨੂੰ ਬਦਲਨ ਵਾਸਤੇ ਗੁਰੂ ਜੀ ਸਾਹਿਤ ਰਚਨਾ ਕਰ ਕਰਵਾ ਰਹੇ ਸਨ, ਉਸਦਾ ਇਕ ਕਾਰਨ ਤਾਂ ਸਰਕਾਰੀ ਜਬਰ, ਜ਼ੁਲਮ ਸੀ ਅਤੇ ਦੂਜਾ ਕਾਰਨ ਸੀ ਮੁੱਲਾਂ, ਕਾਜ਼ੀਆਂ ਅਤੇ ਬ੍ਰਾਹਮਣਾਂ ਵੱਲੋਂ ਕੀਤੀ ਜਾਂਦੀ ਧੱਕਾਸ਼ਾਹੀ ਅਤੇ ਕੱਟੜਵਾਦ । ਉਹ ਅਖੌਤੀ 'ਨੀਚ ਜਾਤੀਆਂ' ਅਤੇ 'ਅਛੂਤਾਂ' ਨੂੰ ਖੂਹਾਂ ਉੱਤੇ, ਮੰਦਰਾਂ ਅਤੇ ਮੇਲਿਆਂ, ਆਦਿ ਵਿਚ ਵੀ ਨਹੀਂ ਸੀ ਜਾਣ ਦਿੰਦੇ । ਗੁਰੂ ਜੀ ਨੇ ਇਸ ਹਕੂਮਤੀ, ਧਾਰਮਕ ਅਤੇ ਭਾਈਚਾਰਕ ਜਬਰ ਨੂੰ ਮੂਲੋਂ ਖ਼ਤਮ ਕਰਨ ਦਾ ਬੀੜਾ ਚੁਕਿਆ ।

ਇਸ ਮੰਤਵ ਦੀ ਪੂਰਤੀ ਲਈ, ਹੁਕਮਨਾਮੇ ਭੇਜ ਕੇ ਫੌਜ ਅਤੇ ਫੌਜੀ ਸਾਮਾਨ ਇੱਕਠਾ ਕਰਨਾ ਅਰੰਭ ਕੀਤਾ । ਢਾਡੀਆਂ ਦੀਆਂ ਬੀਰ-ਰਸ ਭਰੀਆਂ



ਵਾਰਾਂ ਸੁਣਾਈਆਂ ਜਾਣ ਲੱਗੀਆਂ । ਸਰੀਰਕ ਕਸਰਤ ਦੇ ਨਾਲ-ਨਾਲ, ਫੌਜੀ ਸਿਖਲਾਈ ਅਤੇ ਘੋੜ ਸਵਾਰੀ, ਆਦਿ ਸਿਖਾਈ ਜਾਣ ਲੱਗੀ । ਬਹੁਤ ਸਾਰੇ ਫੌਜੀਆਂ ਨੇ ਬਿਨਾਂ ਤਨਖਾਹ ਦੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆ। ਬਾਅਦ ਵਿਚ ਤਨਖਾਹਦਾਰ ਫੌਜੀ ਵੀ ਰੱਖੇ ਗਏ ਜਿਨ੍ਹਾਂ ਵਿਚ ਸਿੱਖ, ਹਿੰਦੂ ਅਤੇ ਮੁਸਲਮਾਨ ਵੀ ਸ਼ਾਮਿਲ ਸਨ ।

ਗੁਰੂ ਹਰਿਗੋਬਿੰਦ ਸਾਹਿਬ ਵਾਂਗ ਹੀ ਆਪ ਜੀ ਨੇ ਗੁਰੂ ਪਿਤਾ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਕੋਈ ਯੋਜਨਾ ਬਨਾਉਣ ਦੀ ਬਜਾਏ 9 ਸਾਲ ਦੀ ਛੋਟੀ ਉਮਰ ਵਿਚ ਹੀ ਡੂੰਘੇ ਅਧਿਐਨ ਅਤੇ ਵਿਗਿਆਨਿਕ ਸੋਚ ਨਾਲ ਇਕ ਸੋਚੀ-ਸਮਝੀ ਯੋਜਨਾ ਬਣਾਈ, ਜਿਸ ਨੂੰ ਸਿਰੇ ਚਾੜ੍ਹਨ ਲਈ ਯੋਗ ਉਪਰਾਲੇ ਕੀਤੇ।

**ਭੇਟਾਵਾਂ**:- ਸੰਨ 1676 ਵਿਚ ਕਾਬਲ, ਕੰਧਾਰ, ਬਲਖ, ਬੁਖਾਰੇ, ਗਜ਼ਨੀ ਆਦਿ ਥਾਵਾਂ ਤੋਂ ਸੰਗਤ ਬਹੁਤ ਸਾਰੀਆਂ ਸੌਗਾਤਾਂ ਲੈ ਕੇ ਅਨੰਦਪੁਰ ਸਾਹਿਬ ਆਈ। ਇਨ੍ਹਾਂ ਵਿਚ ਕਾਬਲ ਦੇ ਸਿੱਖ ਦੁਨੀ ਚੰਦ ਵੱਲੋਂ ਭੇਟਾ ਇਕ ਪਸ਼ਮੀਨੇ ਦੀ ਚਾਨਣੀ ਵੀ ਸੀ।

ਸੰਨ 1680 ਈ. ਨੂੰ ਅਸਾਮ ਦੇ ਰਾਜੇ ਰਾਮ ਰਾਇ ਦਾ ਪੁਤਰ ਰਾਜਾ ਰਤਨ ਰਾਇ 12 ਕੁ ਸਾਲ ਦੀ ਉਮਰ ਵਿਚ ਆਪਣੀ ਮਾਤਾ ਜੀ ਨਾਲ ਗੁਰੂ ਜੀ ਦੇ ਦਰਸਨਾਂ ਨੂੰ ਆਇਆ ਅਤੇ ਕਈ ਬਹੁਤ ਕੀਮਤੀ ਸੌਗਾਤਾਂ ਅਤੇ ਇਕ ਪ੍ਰਸਾਦੀ ਹਾਥੀ ਵੀ ਲਿਆਇਆ, ਜੋ ਅਨੇਕ ਤਰ੍ਹਾਂ ਦੀ ਸੇਵਾ ਲਈ ਸਿਖਾਇਆ ਹੋਇਆ ਸੀ ।

ਗੁਰੂ ਜੀ ਦਾ ਦਿਨੋ-ਦਿਨ ਵਧਦਾ ਪ੍ਰਤਾਪ ਵੇਖਕੇ ਕਹਿਲੂਰ (ਬਿਲਾਸਪੁਰ) ਦਾ ਰਾਜਾ ਭੀਮ ਚੰਦ ਬਹੁਤ ਈਰਖਾ ਕਰਨ ਲੱਗਾ ਅਤੇ ਡਰਾਉਣ ਵੀ । ਉਹ ਨਿਤ ਨਵੀਂ ਛੇੜਖਾਨੀ ਕਰਦਾ ਰਹਿੰਦਾ । ਪਰ ਗੁਰੂ ਜੀ ਅਮਨ ਪਸੰਦ ਸਨ ਅਤੇ ਸਾਹਿਤ ਰਚਨਾ ਵਿਚ ਰੁੱਝੇ ਰਹਿੰਦੇ ਸਨ ।

**ਪਾਉਂਟਾ (ਕਿਲ੍ਹਾ) ਦੀ ਉਸਾਰੀ**:- ਓਧਰ ਨਾਹਨ (ਸਰਮੌਰ) ਦਾ ਰਾਜਾ ਮੇਦਨੀ ਪ੍ਰਕਾਸ਼ ਗੁਰੂ ਘਰ ਦਾ ਸ਼ਰਧਾਲੂ ਸੀ ਅਤੇ ਗੁਰੂ ਜੀ ਨੂੰ ਆਪਣੀ ਰਿਆਸਤ ਵਿਚ ਕਿਲ੍ਹਾਂ ਬਨਾਉਣ ਲਈ ਆਖ ਰਿਹਾ ਸੀ । ਗੁਰੂ ਜੀ ਨੇ ਸੰਨ 1685 ਈ. ਵਿਚ ਜਮਨਾ ਦਰਿਆ ਦੇ ਕੰਢੇ ਇਕ ਕਿਲ੍ਹਾ ਤਿਆਰ ਕੀਤਾ ਜਿਸਦਾ ਨਾਂ ਪਾਉਂਟਾ (ਪਾਂਵਟਾ) ਰੱਖਿਆ । ਇਸ ਥਾਂ ਤੇ ਸ੍ਰੀਨਗਰ (ਗੜ੍ਹਵਾਲ) ਦਾ ਰਾਜਾ ਫਤਿਹ ਚੰਦ ਆਪਣਾ ਹੱਕ ਜਮਾਉਂਦਾ ਸੀ, ਜਿਸ ਬਾਰੇ ਨਾਹਨ ਦੇ ਰਾਜੇ ਨੇ ਗੁਰੂ ਜੀ ਨੂੰ ਦੱਸ ਵੀ ਦਿੱਤਾ ਸੀ । ਗੁਰੂ ਜੀ ਇਥੇ ਲਗ-ਭਗ ਸਾਢੇ ਚਾਰ ਸਾਲ ਰਹੇ । ਇਸ ਦੌਰਾਨ ਉਨ੍ਹਾਂ ਨੇ ਸਾਹਿਤ ਰਚਨਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਇਥੇ ਹੀ ਉਨ੍ਹਾਂ ਨੇ ਆਪਣੀ ਸਵੈ-ਜੀਵਨੀ ਬਚਿੱਤ੍ਰ ਨਾਟਕ ਦੀ ਰਚਨਾ ਵੀ ਕੀਤੀ। ਸਾਹਿਬਜ਼ਾਦਾ

ਅਜੀਤ ਸਿੰਘ ਦਾ ਜਨਮ ਵੀ ਇਥੇ ਹੀ ਹੋਇਆ।

ਇਥੇ ਹੀ ਰਾਜਾ ਫਤਿਹ ਚੰਦ ਆਪ ਜੀ ਦੇ ਦਰਸ਼ਨਾਂ ਨੂੰ ਆਇਆ। ਗੁਰੂ ਜੀ ਨੇ ਦੋਹਾਂ ਰਾਜਿਆਂ ਨੂੰ ਉਪਦੇਸ਼ ਦਿੱਤਾ ਅਤੇ ਸੁਲਾਹ ਕਰਾ ਦਿੱਤੀ ਅਤੇ ਫਤਿਹ ਚੰਦ ਵੱਲੋਂ ਦੱਬਿਆ ਇਲਾਕਾ ਮੇਦਨੀ ਪ੍ਰਕਾਸ਼ ਨੂੰ ਵਾਪਸ ਕਰਾ ਦਿੱਤਾ।

ਇਥੇ ਹੀ ਰਾਮ ਰਾਇ ਨੇ ਆਪ ਜੀ ਨਾਲ ਮੁਲਾਕਾਤ ਕੀਤੀ । ਜਦੋਂ ਉਸਦੇ ਵਿਗੜੇ ਹੋਏ ਮਸੰਦਾ ਨੇ ਉਸਨੂੰ ਬਿਸਤਰੇ 'ਚੋਂ ਕੱਢਕੇ ਸਾੜ ਦਿੱਤਾ ਤਾਂ ਆਪ ਜੀ ਨੇ ਡੇਹਰਾਦੂਨ ਜਾ ਕੇ ਉਸਦੀ ਵਿਧਵਾ ਨੂੰ ਧੀਰਜ ਦਿੱਤੀ ਅਤੇ ਦੋਸ਼ੀ ਮਸੰਦਾਂ ਨੂੰ ਸਾੜਕੇ ਵੀ ਮਾਰਿਆ ।

ਇਥੇ ਹੀ ਪੀਰ ਬੁੱਧੂ ਸ਼ਾਹ (ਬਦਰ-ਉਦ-ਦੀਨ) ਆਪ ਜੀ ਦਾ ਸਿੱਖ ਬਣਿਆ ਅਤੇ ਉਸਨੇ ਸ਼ਾਹੀ ਫੌਜ ਵਿਚੋਂ ਕੱਢੇ ਹੋਏ 500 ਪਠਾਣ ਗੁਰੂ ਜੀ ਦੀ ਫ਼ੌਜ ਵਿਚ ਭਰਤੀ ਕਰਵਾਏ । ਇਥੇ ਹੀ 500 ਉਦਾਸੀ ਸਿੱਖਾਂ ਨੇ ਵੀ ਆਪਣੀਆਂ ਸੇਵਾਵਾਂ ਅਰਪਣ ਕੀਤੀਆਂ ।

### 7. ਵਿਆਹ ਅਤੇ ਸੰਤਾਨ:-

(ੳ) ਗੁਰੂ ਜੀ ਦਾ ਪਹਿਲਾ ਵਿਆਹ ਲਾਹੌਰ ਨਿਵਾਸੀ ਸ੍ਰੀ ਹਰਿਜਸ ਦੀ ਸਪੁੱਤਰੀ ਮਾਤਾ ਜੀਤੋ ਜੀ ਨਾਲ ਸੰਨ 1677 ਈ. ਵਿਚ ਅਨੰਦਪੁਰ ਤੋਂ ਉੱਤਰ ਵੱਲ ਸਥਿਤ ਗੁਰੂ ਕੇ ਲਾਹੌਰ ਵਿਖੇ ਹੋਇਆ। ਮਾਤਾ ਜੀ ਦੀ ਕੁਖੋਂ ਤਿੰਨ ਪੁੱਤਰਾਂ ਦਾ ਜਨਮ ਹੋਇਆ :-

i) ਬਾਬਾ ਜੁਝਾਰ ਸਿੰਘ (ਸੰਨ 1690 ਈ. ਵਿਚ),

ii) ਬਾਬਾ ਜੋਰਾਵਰ ਸਿੰਘ (ਸੰਨ 1696 ਈ. ਵਿਚ) ਅਤੇ

iii) ਬਾਬਾ ਫਤਹਿ ਸਿੰਘ (ਸੰਨ 1699 ਈ. ਵਿਚ)

ਮਾਤਾ ਜੀ ਦਾ ਦੇਹਾਂਤ ਸੰਨ 1700 ਈ. ਵਿਚ ਹੋਇਆ । ਆਪ ਦਾ ਦੇਹੁਰਾ ਅਗੰਮਪੁਰ ਅਨੰਦਪੁਰ ਵਿਖੇ ਸਥਿਤ ਹੈ ।

(ਅ) ਗੁਰੂ ਜੀ ਦਾ ਦੂਜਾ ਵਿਆਹ ਵੀ ਲਾਹੌਰ ਨਿਵਾਸੀ ਸ੍ਰੀ ਰਾਮ ਸਰਨ ਦੀ ਸਪੁੱਤਰੀ ਮਾਤਾ ਸੁੰਦਰੀ ਜੀ ਨਾਲ ਸੰਨ 1684 ਈ. ਵਿਚ ਹੋਇਆ । ਮਾਤਾ ਜੀ ਦੀ ਕੁੱਖੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦਾ ਜਨਮ ਜਨਵਰੀ 1687 ਈ. ਵਿਚ ਹੋਇਆ । ਗੁਰੂ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਮਾਤਾ ਸੁੰਦਰੀ ਜੀ ਦਾ ਹੁਕਮ ਮੰਨਿਆ ਜਾਂਦਾ ਸੀ । ਭਾਈ ਮਨੀ ਸਿੰਘ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਗ੍ਰੰਥੀ ਆਪ ਜੀ ਨੇ ਹੀ ਥਾਪਿਆ ਸੀ । ਮਾਤਾ ਸੁੰਦਰੀ ਜੀ



ਦਸ਼ਮੇਸ਼ ਜੀ ਤੋਂ ਪਿੱਛੋਂ ਦਿੱਲੀ ਵਿਚ ਹੀ ਰਹੇ । ਸੰਨ ੧੭੪੭ ਵਿਚ ਆਪ ਜੀ ਦਾ ਦੇਹਾਂਤ ਉਥੇ ਹੀ ਹੋਇਆ ।

(ੲ) ਗੁਰੂ ਜੀ ਦਾ ਤੀਜਾ ਵਿਆਹ ਰੁਹਤਾਸ਼ ਜਿਲਾ ਜਿਹਲਮ, ਨਿਵਾਸੀ ਸ੍ਰੀ ਰਾਮੂ ਬੱਸੀ ਖੱਤਰੀ ਦੀ ਸਪੁੱਤਰੀ ਮਾਤਾ ਸਾਹਿਬ ਦੇਵੀ ਜੀ ਨਾਲ ਸੰਨ 1700 ਈ. ਵਿਚ ਹੋਇਆ । ਇਹ ਆਮ ਵਿਆਹ ਤੋਂ ਹੱਟਕੇ ਸੀ । ਸ੍ਰੀ ਰਾਮੂ ਬੱਸੀ ਨੇ ਗੁਰੂ ਜੀ ਅਗੇ ਬੇਨਤੀ ਕੀਤੀ ਸੀ, "ਮੈਂ ਆਪਣੀ ਧੀ ਜਮਦਿਆਂ ਹੀ ਆਪ ਜੀ ਨੂੰ ਅਰਪਣ ਕੀਤੀ ਹੋਈ ਹੈ । ਆਪ ਇਸਦਾ ਸਾਕ ਪਰਵਾਨ ਕਰੋ। ਸਭ ਇਸਨੂੰ ਮਾਤਾ ਜੀ ਕਹਿੰਦੇ ਹਨ । ਆਪ ਤੋਂ ਬਿਨਾਂ ਇਸਨੂੰ ਕੋਈ ਨਹੀਂ ਵਰੇਗਾ।" ਗੁਰੂ ਜੀ ਨੇ ਆਖਿਆ, "ਅਸੀਂ ਬ੍ਰਹਮਚਰਜ ਧਾਰ ਲਿਆ ਹੈ ਤਾਂ ਜੋ ਦੇਸ, ਧਰਮ ਦੀ ਸੇਵਾ ਕਰ ਸਕੀਏ । ਜੇ ਤੁਹਾਡੀ ਧੀ ਵੀ ਅਜਿਹਾ ਕਰ ਸਕਦੀ ਹੈ ਅਤੇ ਆਤਮਿਕ ਮੇਲ ਪਰਵਾਨ ਕਰਦੀ ਹੈ, ਤਾਂ ਮੈਂ ਤੁਹਾਡੀ ਪ੍ਰਸੰਨਤਾ ਦੀ ਖਾਤਰ, ਉਸਨੂੰ ਵਰਨ ਲਈ ਤਿਆਰ ਹਾਂ ।" ਇਸੇ ਲਈ ਇਸ ਵਿਆਹ ਨੂੰ ਇਤਿਹਾਸਕਾਰਾਂ ਨੇ 'ਕਵਾਰਾ ਡੋਲਾ' ਆਖਿਆ ਹੈ । ਆਪ ਜੀ ਅੰਮ੍ਰਿਤ ਛਕਣ ਉਪ੍ਰੰਤ ਸਾਹਿਬ ਕੌਰ ਬਣੇ ਅਤੇ ਗੁਰੂ ਜੀ ਨੇ ਆਪ ਨੂੰ 'ਖਾਲਸੇ ਦੀ ਮਾਤਾ' ਹੋਣ ਦਾ ਮਾਣ ਬਖ਼ਸ਼ਿਆ ।

ਜਦ ਗੁਰੂ ਜੀ ਨੇ ਆਪਣਾ ਅੰਤ ਸਮਾਂ ਨੇੜੇ ਆਉਂਦਾ ਵੇਖਿਆ ਤਾਂ ਮਾਤਾ ਸਾਹਿਬ ਕੌਰ ਨੂੰ ਮਾਤਾ ਸੁੰਦਰੀ ਜੀ ਪਾਸ ਦਿੱਲੀ ਭੇਜ ਦਿਤਾ । ਗੁਰੂ ਜੀ ਨੇ ਉਨ੍ਹਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਸ਼ਸਤਰ ਸਨਮਾਨ ਸਹਿਤ ਰੱਖਣ ਲਈ ਦਿਤੇ, ਜੋ ਇਸ ਵਕਤ ਗੁ: ਰਕਾਬ ਗੰਜ ਵਿਚ ਮੌਜੂਦ ਹਨ । ਇਥੇ ਹੀ ਆਪ ਜੀ ਦਾ ਦੇਹਾਂਤ ਮਾਤਾ ਸੁੰਦਰੀ ਜੀ ਤੋਂ ਪਹਿਲਾਂ ਹੋਇਆ ।

**ਨੋਟ:** ਕੁਝ ਇਤਿਹਾਸਕਾਰਾਂ ਦੀ ਰਾਇ ਹੈ ਕਿ ਮਾਤਾ ਜੀਤੋ ਜੀ ਦਾ ਹੀ ਦੂਜਾ ਨਾਂ ਮਾਤਾ ਸੁੰਦਰੀ ਜੀ ਸੀ ਅਤੇ ਚਾਰੇ ਸਾਹਿਬਜਾਦੇ ਇਕੋ ਹੀ ਮਾਤਾ ਦੀ ਕੁੱਖੋਂ ਜਨਮੇ ਸਨ । ਪਰ ਬਹੁਤੇ ਵਿਦਵਾਨਾਂ ਨੂੰ ਇਹ ਰਾਇ ਪ੍ਰਵਾਨ ਨਹੀਂ ਹੈ ।

### 8. ਗੁਰੂ ਜੀ ਵਲੋਂ ਲੜੇ ਗਏ ਯੁੱਧ:-

ਗੁਰੂ ਜੀ ਨੂੰ 14 ਲੜਾਈਆਂ ਲੜਨੀਆਂ ਪਈਆਂ:

i) **ਭੰਗਾਣੀ ਦਾ ਯੁੱਧ (1689 ਈ.)**:- ਪਹਾੜੀ ਰਾਜੇ ਆਪਣੀਆਂ ਗੱਦੀਆਂ ਦੀ ਖਾਤਰ ਮੁਗ਼ਲ ਸਰਕਾਰ ਦੇ ਪਿੱਠੂ ਬਣੇ ਬੈਠੇ ਸਨ । ਉਹ ਗੁਰੂ ਜੀ ਦੀ 'ਊਚ-ਨੀਚ' ਅਤੇ 'ਜਾਤ-ਪਾਤ' ਵਿਰੁੱਧ ਛੇੜੀ ਮੁਹਿੰਮ ਨੂੰ ਆਪਣੇ ਲਈ ਹਾਨੀਕਾਰਕ ਸਮਝਦੇ ਸਨ । ਉਹ ਗੁਰੂ ਜੀ ਦੇ ਦਿਨੋ-ਦਿਨ ਵਧ ਰਹੇ ਤੇਜ-ਪ੍ਰਤਾਪ ਤੋਂ ਸੜਦੇ ਸਨ । ਕਹਿਲੂਰ ਦਾ ਰਾਜਾ ਭੀਮ ਚੰਦ ਗੁਰੂ ਜੀ ਪਾਸੋਂ ਕੀਮਤੀ

ਪਸ਼ਮੀਨੇ ਦੀ ਚਾਨਣੀ, ਪ੍ਰਸਾਦੀ ਹਾਥੀ ਅਤੇ ਕੁਝ ਹੋਰ ਕੀਮਤੀ ਵਸਤਾਂ ਪ੍ਰਾਪਤ ਕਰਨੀਆਂ ਚਾਹੁੰਦਾ ਸੀ, ਜੋ ਉਸਨੇ ਆਪਣੇ ਪੁੱਤਰ ਦੀ ਸ਼ਾਦੀ 'ਤੇ ਮੰਗ ਵੀ ਭੇਜੀਆਂ ਸਨ। ਗੁਰੂ ਜੀ ਨੇ ਰਾਜੇ ਭੀਮ ਚੰਦ ਨੂੰ ਜਵਾਬ ਦਿਤਾ ਸੀ ਕਿ ਇਹ ਵਸਤਾਂ ਸਿੱਖਾਂ ਵਲੋਂ ਗੁਰੂ ਨਾਨਕ ਦੀ ਗੱਦੀ ਪ੍ਰਤੀ ਪ੍ਰੇਮ-ਭੇਟਾ ਹਨ ਅਤੇ ਕਿਸੇ ਹੋਰ ਨੂੰ ਨਹੀਂ ਦਿੱਤੀਆਂ ਜਾ ਸਕਦੀਆਂ । ਭੀਮ ਚੰਦ ਨੇ ਫਿਰ ਰਾਜਿਆਂ ਵਾਲਾ ਦਬਕਾ ਮਾਰਿਆ। ਪਰ ਗੁਰੂ ਜੀ ਨੇ ਉੱਤਰ ਦਿਤਾ, "ਰਈਅਤ ਅਸੀਂ ਕਰਤਾਰ ਦੀ ਹਾਂ। ਈਣ ਕਿਸੇ ਦੀ ਮੰਨਦੇ ਨਹੀਂ । ਅਸੀਂ ਅਮਨ-ਪਸੰਦ ਹਾਂ; ਨਾ ਕਿਸੇ ਤੋਂ ਡਰਦੇ ਹਾਂ ਨਾ ਡਰਾਉਂਦੇ ਹਾਂ।" ਇਹ ਜਵਾਬ ਪਾ ਕੇ ਕਹਿਲੂਰ (ਬਿਲਾਸਪੁਰ) ਦੇ ਰਾਜੇ ਨੇ ਲੜਾਈ ਕਰਨ ਦਾ ਮਨ ਬਣਾ ਲਿਆ। ਉਸਦੇ ਪੁੱਤਰ ਅਤੇ ਗੜ੍ਹਵਾਲ (ਸਿਰੀ ਨਗਰ) ਦੇ ਰਾਜਾ ਫਤਿਹ ਚੰਦ ਦੀ ਧੀ ਦਾ ਵਿਆਹ ਆ ਗਿਆ। ਵਿਆਹ ਤੋਂ ਪਿਛੋਂ ਭੀਮ ਚੰਦ ਨੇ ਫਤਹਿ ਚੰਦ ਨੂੰ ਆਖਿਆ, "ਮੇਰਾ ਗੁਰੂ ਜੀ ਨਾਲ ਵੈਰ ਹੈ ਪਰ ਤੁਹਾਡੀ ਮਿੱਤ੍ਰਤਾ। ਇਹ ਗੱਲ ਕਿਵੇਂ ਨਿਭੂ । ਮੁਕਦੀ ਗੱਲ, ਫਤਿਹ ਚੰਦ ਨੂੰ ਉਸਦਾ ਸਾਥ ਦੇਣਾ ਹੀ ਪਿਆ। ਲਾੜਾ ਤੇ ਲਾੜੀ ਤਾਂ ਬਿਲਾਸਪੁਰ ਭੇਜ ਦਿੱਤੇ ਅਤੇ ਰਾਜੇ ਗੁਰੂ ਜੀ ਨਾਲ ਲੜਨ ਲਈ ਰੁਕ ਗਏ। ਇਹ ਸਨ:

i) ਭੀਮ ਚੰਦ ਕਹਿਲੂਰੀਆ, ii) ਕਿਰਪਾਲ ਚੰਦ ਕਟੋਚੀਆ,
iii) ਹਰੀ ਚੰਦ ਜਸਵਾਲੀਆ, iv) ਸੁਖਦਿਆਲ ਜਸਰੋਟੀਆ,
v) ਕੇਸਰੀ ਚੰਦ ਹੰਡੂਰੀਆ, vi) ਪ੍ਰਿਥੀ ਚੰਦ ਢਡਵਾਲੀਆ ਅਤੇ
vii) ਫਤਿਹ ਚੰਦ ਗੜ੍ਹਵਾਲੀਆ ।

ਓਧਰ ਗੁਰੂ ਜੀ ਦੇ 500 ਵਿਚੋਂ 400 ਪਠਾਣ ਵੀ ਛੱਡ ਕੇ ਰਾਜਿਆ ਨਾਲ ਜਾ ਰਲੇ। ਪਰ ਕਾਲੇ ਖਾਂ ਅਤੇ ਉਸਦੇ 100 ਸਾਥੀ ਗੁਰੂ ਜੀ ਨਾਲ ਪੱਕੇ ਰਹੇ। 500 ਉਦਾਸੀ ਵੀ ਲੜਾਈ ਦਾ ਨਾਂ ਸੁਣਕੇ ਖਿਸਕ ਗਏ, ਪਰ ਮਹੰਤ ਕਿਰਪਾਲ ਦਾਸ ਕਾਇਮ ਰਿਹਾ। ਸੱਯੀਅਦ ਬੁੱਧੂ ਸ਼ਾਹ ਨੂੰ ਜਦੋਂ ਪਠਾਣਾਂ ਦਾ ਪਤਾ ਲੱਗਾ ਤਾਂ ਉਹ ਆਪਣੇ ਚਾਰੇ ਪੁੱਤਰ ਅਤੇ 700 ਮੁਰੀਦ ਲੈ ਕੇ ਗੁਰੂ ਜੀ ਦੀ ਮਦਦ ਲਈ ਆਣ ਡਟਿਆ। ਬੀਬੀ ਵੀਰੋ ਦੇ ਪੰਜ ਪੁੱਤਰ ਵੀ ਗੁਰੂ ਜੀ ਦੇ ਨਾਲ ਸਨ। ਮਾਮਾ ਕਿਰਪਾਲ, ਦੀਵਾਨ ਨੰਦ ਚੰਦ, ਸਾਹਿਬ ਚੰਦ, ਪ੍ਰੋਹਤ ਦਇਆ ਰਾਮ, ਆਦਿ ਸਮੇਤ ਗੁਰੂ ਜੀ ਦੇ ਕੋਲ ਕੋਈ ਪੰਜ ਕੁ ਹਜ਼ਾਰ ਦੀ ਫੌਜ ਸੀ। ਰਾਜਿਆਂ ਦੀ ਫੌਜ ਬਹੁਤ ਜ਼ਿਆਦਾ ਸੀ। ਲੜਾਈ ਅਪ੍ਰੈਲ ੧੬੮੯ ਈ. ਵਿਚ ਜਮਨਾ ਅਤੇ ਗਿਰੀ ਨਦੀ ਦੇ ਵਿਚਕਾਰ ਹੋਈ ਅਤੇ ਤਿੰਨ ਦਿਨ ਹੁੰਦੀ ਰਹੀ। ਅੰਤ ਰਾਜਾ ਹਰੀ ਚੰਦ ਗੁਰੂ ਜੀ ਹੱਥੋਂ ਮਾਰਿਆ ਗਿਆ ਅਤੇ ਰਾਜਿਆਂ ਦੀਆਂ ਫੌਜਾਂ ਭਜ ਨਿਕਲੀਆਂ। ਪਰ ਗੁਰੂ ਜੀ ਦੀਆਂ ਫੌਜਾਂ ਨੇ ਨਾ ਤਾਂ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਨਾ ਹੀ ਕੋਈ ਰਾਜਸੀ ਲਾਭ ਉਠਾਇਆ।



ਇਸ ਲੜਾਈ ਵਿਚ ਬੀਬੀ ਵੀਰੋ ਅਤੇ ਸੱਯੀਅਦ ਬੁੱਧੂ ਸ਼ਾਹ ਦੇ ਦੋ-ਦੋ ਪੁੱਤਰ ਸ਼ਹੀਦ ਹੋਏ । ਗੁਰੂ ਜੀ ਨੇ ਪੀਰ ਜੀ ਨੂੰ ਦਸਤਾਰ, ਕੰਘਾ, ਕਿਰਪਾਨ ਅਤੇ ਹੁਕਮਨਾਮਾ ਬਖ਼ਸ਼ਿਆ। ਗੁਰੂ ਜੀ ਛੇਤੀ ਹੀ ਵਾਪਸ ਆਨੰਦਪੁਰ ਚਲੇ ਗਏ। ਰਸਤੇ ਵਿਚ ਆਪ ਢਕੌਲੀ ਗਏ, ਜਿਥੇ ਪਾਣੀ ਦੀ ਤੰਗੀ ਸੀ । ਆਪ ਜੀ ਨੇ ਉਥੇ ਬਾਉਲੀ ਲਵਾਈ । ਫਿਰ ਆਪ ਕੋਟਲੇ ਗਏ । ਉਥੇ ਦੇ ਪਠਾਣਾਂ ਨੇ ਆਪ ਜੀ ਦੀ ਬਹੁਤ ਸੇਵਾ ਕੀਤੀ । ਆਪ ਜੀ ਨੇ ਉਨ੍ਹਾਂ ਨੂੰ ਇਕ ਤਲਵਾਰ ਬਖ਼ਸ਼ੀ ਜੋ ਉਨ੍ਹਾਂ ਦੀ ਔਲਾਦ ਨੇ ਸਾਂਭ ਕੇ ਰੱਖੀ ਹੋਈ ਹੈ । ਫਿਰ ਕੀਰਤਪੁਰ ਤੋਂ ਹੁੰਦੇ ਹੋਏ ਆਪ ਆਨੰਦਪੁਰ ਪਹੁੰਚ ਗਏ । ਪਹਾੜੀ ਰਾਜਿਆਂ ਦੀਆਂ ਛੇੜਖਾਨੀਆਂ ਤੋਂ ਸੁਚੇਤ, ਜੰਗੀ ਤਿਆਰੀਆਂ ਜਾਰੀ ਕੀਤੀਆਂ ਅਤੇ ਸ਼ਹਿਰ ਦੀ ਸੁਰੱਖਿਆ ਲਈ ਪੰਜ ਕਿਲ੍ਹੇ ਅਨੰਦਗੜ੍ਹ, ਲੋਹਗੜ੍ਹ, ਫਤਹਿਗੜ੍ਹ, ਹੋਲਗੜ੍ਹ ਅਤੇ ਤਾਰਾਗੜ੍ਹ ਬਣਾਏ। ਸਾਹਿਤ-ਰਚਨਾ ਵੀ ਜਾਰੀ ਕੀਤੀ ਗਈ ।

ii) **ਨਾਦੌਣ ਦਾ ਯੁੱਧ**:- ਔਰੰਗਜ਼ੇਬ ਨੇ ਪਹਾੜੀ ਰਾਜਿਆਂ ਤੋਂ ਕਰ (ਟੈਕਸ) ਵਸੂਲਣ ਲਈ ਮੀਆਂ ਖਾਂ ਫੌਜਦਾਰ ਨੂੰ ਭੇਜਿਆ । ਉਸਨੇ ਅੱਗੋਂ ਆਪਣੇ ਭਤੀਜੇ ਅਲਫ ਖਾਂ ਨੂੰ ਭੇਜ ਦਿਤਾ । ਰਾਜਿਆਂ ਨੇ ਗੁਰੂ ਜੀ ਤੋਂ ਮਦਦ ਮੰਗੀ । ਗੁਰੂ ਜੀ ਨੇ ਕੌਮੀ ਜੰਗ ਸਮਝ ਕੇ ਅਤੇ ਉਨ੍ਹਾਂ ਦੀਆਂ ਪਿਛਲੀਆਂ ਕਰਤੂਤਾਂ ਭੁਲਕੇ ਸਹਾਇਤਾ ਦਿਤੀ । ਮੁਗਲ ਸੈਨਾ ਭੱਜ ਗਈ ।

iii) **ਗੁਲੇਰ(ਹੁਸੈਨੀ) ਯੁੱਧ**:- ਸੰਨ 1695 ਈ. ਵਿਚ ਅਲਫ ਖਾਂ ਦੀ ਹਾਰ ਪਿੱਛੋਂ ਸੂਬੇ ਦਿਲਾਵਰ ਖਾਂ ਨੇ ਆਪਣੇ ਪੁੱਤਰ ਰੁਸਤਮ ਖਾਂ ਨੂੰ ਗੁਰੂ ਜੀ ਨਾਲ ਲੜਨ ਲਈ ਭੇਜਿਆ। ਪਰ ਬਰਸਾਤ ਦੀ ਰੁੱਤ ਅਤੇ ਸਿੱਖਾਂ ਦਾ ਜਾਹੋ-ਜਲਾਲ ਵੇਖਕੇ ਰੁਸਤਮ ਖਾਂ ਭੱਜ ਗਿਆ। ਇਸ ਪਿੱਛੋਂ ਦਿਲਾਵਰ ਖਾਂ ਨੇ ਆਪਣੇ ਗੁਲਾਮ ਹੁਸੈਨੀ ਨੂੰ ਭੇਜਿਆ। ਭੀਮ ਚੰਦ ਕਹਲੂਰੀਆ, ਕਿਰਪਾਲ ਚੰਦ ਕਟੋਚੀਆ ਅਤੇ ਕੁਝ ਹੋਰ ਰਾਜੇ ਹੁਸੈਨੀ ਨਾਲ ਜਾ ਮਿਲੇ। ਉਨ੍ਹਾਂ ਪਹਿਲਾਂ ਗੁਲੇਰ ਤੇ ਹਮਲਾ ਕੀਤਾ। ਗੁਲੇਰੀਏ ਦੀ ਬੇਨਤੀ 'ਤੇ ਗੁਰੂ ਜੀ ਨੇ ਭਾਈ ਸੰਗਤੀਆ ਸਿੰਘ ਅਤੇ ਕੁਝ ਹੋਰ ਸੂਰ-ਬੀਰਾਂ ਦਾ ਜਥਾ ਭੇਜਿਆ । ਹੁਸੈਨੀ, ਕਿਰਪਾਲ ਚੰਦ ਕਟੋਚੀਆ ਅਤੇ ਕੁਝ ਹੋਰ ਪਹਾੜੀ ਸਰਦਾਰ ਮਾਰੇ ਗਏ ਅਤੇ ਫੌਜ ਨੂੰ ਭਾਜੜਾਂ ਪੈ ਗਈਆਂ । ਭੀਮ ਚੰਦ ਨੇ ਨੱਸ ਕੇ ਮਸਾਂ ਜਾਨ ਬਚਾਈ । ਭਾਈ ਸੰਗਤੀਆ ਸਿੰਘ ਵੀ ਸੱਤ ਸਾਥੀਆਂ ਸਮੇਤ ਸ਼ਹੀਦੀ ਪਾ ਗਿਆ ।

**ਔਰੰਗਜ਼ੇਬ ਦੀ ਚਿੰਤਾ ਅਤੇ ਮੁਅੱਜ਼ਮ ਦਾ ਆਉਣਾ**:- ਇਨ੍ਹਾਂ ਹਾਰਾਂ ਤੋਂ ਔਰੰਗਜ਼ੇਬ ਨੂੰ ਚਿੰਤਾ ਹੋਈ। ਸੰਨ 1696 ਈ. ਵਿਚ ਉਸਨੇ ਆਪਣੇ ਪੁੱਤਰ ਮੁਅੱਜ਼ਮ ਨੂੰ ਭੇਜਿਆ ਕਿ ਗੁਰੂ ਜੀ ਨੂੰ ਫੌਜ ਬਨਾਉਣ ਤੋਂ ਰੋਕਿਆ ਜਾਵੇ । ਸ਼ਹਿਜ਼ਾਦਾ ਆਪ ਤਾਂ ਲਾਹੌਰ ਚਲਾ ਗਿਆ ਅਤੇ ਮਿਰਜ਼ਾ ਬੇਗ਼ ਨੂੰ ਫੋਜ ਦੇ ਕੇ

ਏਧਰ ਭੇਜ ਦਿਤਾ। ਉਸਨੇ ਪਹਾੜੀ ਰਾਜਿਆਂ ਨੂੰ ਖ਼ੂਬ ਸਿੱਧਾ ਕੀਤਾ । ਉਹ ਗੁਰੂ ਜੀ ਨਾਲ ਵੀ ਲੜਨਾ ਚਾਹੁੰਦਾ ਸੀ ਪਰ ਭਾਈ ਨੰਦ ਲਾਲ ਜੋ ਮੁਅੱਜ਼ਮ ਦਾ ਮੀਰ ਮੁਨਸ਼ੀ (ਮੁੱਖ ਸਕੱਤਰ) ਸੀ, ਨੇ ਗੁਰੂ ਜੀ ਬਾਰੇ ਐਸਾ ਸਮਝਾਇਆ ਕਿ ਗੁਰੂ ਜੀ ਵਿਰੁੱਧ ਮੁਹਿੰਮ ਟਲ ਗਈ ।

## 9. ਅਮਨ ਦੇ ਪੰਜ, ਛੇ ਸਾਲ:-

**ਨਿਰਮਲੇ**:- ਉਕਤ ਯੁੱਧਾਂ ਤੋਂ ਪਿੱਛੋਂ ਗੁਰੂ ਜੀ ਨੇ ਸੋਚਿਆ ਕਿ ਸਿੱਖ ਨਿਰੇ ਜ਼ੁਲਮ ਦਾ ਨਾਸ਼ ਕਰਨ ਵਾਲੇ ਯੋਧੇ ਹੀ ਨਾ ਹੋਣ ਬਲਕਿ ਪੜ੍ਹ-ਲਿਖ ਕੇ ਦਇਆਵਾਨ, ਵਿਦਵਾਨ, ਲੋਕ-ਸਹਾਇਕ ਅਤੇ ਨੀਤੀਵਾਨ ਵੀ ਬਣਨ । ਉਨ੍ਹਾਂ ਨੇ ਆਮ ਲੋਕਾਂ ਦੀ ਪੜ੍ਹਾਈ, ਲਿਖਾਈ ਵੱਲ ਚੋਖਾ ਧਿਆਨ ਦਿੱਤਾ । ਇਕ ਪੰਡਤ ਦੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਤੋਂ ਨਾਂਹ ਕਰਨ 'ਤੇ ਗੁਰੂ ਜੀ ਨੇ ਪੰਜ ਸਿੱਖ ਬਨਾਰਸ ਭੇਜੇ । ਇਨ੍ਹਾਂ ਵਾਪਸ ਆ ਕੇ ਅੰਮ੍ਰਿਤ ਪਾਨ ਵੀ ਕੀਤਾ, ਪ੍ਰੰਤੂ ਯੁੱਧਾਂ ਵਿਚ ਹਿੱਸਾ ਲੈਣ ਦੀ ਥਾਂ ਵਿਦਿਆ ਪੜ੍ਹਾਉਣ ਵੱਲ ਹੀ ਧਿਆਨ ਦਿੱਤਾ। ਸਿੱਖਾਂ ਦੇ ਇਸ ਵਿਦਵਾਨ ਅੰਗ ਤੋਂ ਨਿਰਮਲੇ ਸਿੱਖਾਂ ਦੀ ਸੰਪਰਦਾ ਤੁਰੀ ।

**ਮਸੰਦ**:- ਗੁਰੂ ਅਮਰਦਾਸ ਜੀ ਨੇ ਸਿੱਖੀ ਦੇ 22 ਪ੍ਰਚਾਰ ਕੇਂਦਰ (ਮੰਜੀਆਂ) ਕਾਇਮ ਕੀਤੇ ਸਨ । ਗੁਰੂ ਰਾਮਦਾਸ ਜੀ ਨੇ ਇਨ੍ਹਾਂ ਪ੍ਰਚਾਰਕਾਂ ਦੀ ਸਿੱਖਾਂ ਵਲੋਂ ਮਿਲੀ ਕਾਰ-ਭੇਟ ਵੀ ਗੁਰੂ-ਘਰ ਨੂੰ ਭੇਜਣ ਦੀ ਡਿਊਟੀ ਲਾਈ ਅਤੇ ਇਨ੍ਹਾਂ ਨੂੰ 'ਮਸਨਦ' ਦਾ ਨਾਂ ਦਿੱਤਾ ਜੋ ਵਿਗੜ ਕੇ 'ਮਸੰਦ' ਬਣ ਗਿਆ । ਗੁਰੂ ਅਰਜਨ ਦੇਵ ਜੀ ਨੇ ਇਸ ਪ੍ਰਬੰਧ ਨੂੰ ਹੋਰ ਪੱਕਾ ਕੀਤਾ ਅਤੇ ਸਿੱਖਾਂ ਨੂੰ 'ਦਸਵੰਧ' ਕੱਢਣ ਲਈ ਪ੍ਰੇਰਨਾ ਕੀਤੀ । ਇਹ ਮਸੰਦ ਆਪਣੇ ਜ਼ਿੰਮੇ ਲਗੇ ਕੰਮ ਇਸ ਯੋਗਤਾ ਨਾਲ ਕਰਦੇ ਅਤੇ ਲੋਕਾਂ ਵਿਚ ਇਸ ਢੰਗ ਨਾਲ ਵਿਚਰਦੇ ਕਿ ਸਿੱਖੀ ਦਾ ਇਕ ਵਧੀਆਂ ਨਮੂਨਾ ਪੇਸ਼ ਹੁੰਦਾ ।

ਪ੍ਰੰਤੂ, ਸਮਾਂ ਪਾ ਕੇ ਇਹ ਪ੍ਰਥਾ ਵਿਗੜਨੀ ਸ਼ੁਰੂ ਹੋ ਗਈ ਅਤੇ ਕਾਰ-ਭੇਟ ਦੀ ਦੁਰਵਰਤੋਂ ਕਰਨ ਦੇ ਕਾਰਨ ਇਹ ਵਿਭਚਾਰੀ ਬਣ ਗਏ । ਦਸ਼ਮੇਸ਼ ਜੀ ਨੇ ਦੋਸ਼ੀਆਂ ਨੂੰ ਸਜਾਵਾਂ ਅਤੇ ਗੁਰਮੁਖਾਂ ਨੂੰ ਸਿਰੋਪੇ ਦਿੱਤੇ ਅੰਤ ਵਿਚ ਇਸ ਪ੍ਰਥਾ ਦਾ ਭੋਗ ਹੀ ਪਾ ਦਿੱਤਾ । ਸੰਗਤਾਂ ਨੂੰ ਇਨ੍ਹਾਂ ਨਾਲ ਵਰਤਣ ਦੀ ਮਨਾਹੀ ਵੀ ਕਰ ਦਿੱਤੀ । ਇਹ ਘਟਨਾ 1698 ਈ. ਦੀ ਹੈ ।

**ਲੰਗਰ**:- ਗੁਰੂ ਨਾਨਕ ਸਾਹਿਬ ਇਕ ਪਾਸੇ ਤਾਂ ਗੁਰਬਾਣੀ ਪਾਠ, ਕੀਰਤਨ ਅਤੇ ਉਪਦੇਸ਼ਾਂ ਰਾਹੀਂ ਆਤਮਿਕ ਉਪਦੇਸ਼ ਸੰਗਤ ਵਿਚ ਦਿੰਦੇ ਸਨ ਅਤੇ ਦੂਜੇ ਪਾਸੇ ਲੰਗਰ ਚਲਾਕੇ ਸਰੀਰਕ ਖੁਰਾਕ ਪਰਦਾਨ ਕਰਦੇ ਸਨ । ਇਹੋ ਸਿਲਸਿਲਾ ਬਾਕੀ ਗੁਰੂ ਸਾਹਬਾਨ ਨੇ ਵੀ ਚਾਲੂ ਰੱਖਿਆ । ਇਸ ਦੇ ਨਾਲ-ਨਾਲ ਸਿੱਖਾਂ ਨੂੰ ਇਹ ਵੀ ਹੁਕਮ ਸੀ ਕਿ ਘਰ-ਘਰ ਲੰਗਰ ਲਾ ਕੇ ਆਏ-ਗਏ ਦੀ ਅੰਨ-ਬਸਤਰ ਦੀ



ਸੇਵਾ ਕਰਨ । ਦਸ਼ਮੇਸ਼ ਜੀ ਨੇ ਤਾਂ ਇਥੋਂ ਤੱਕ ਕਹਿ ਰੱਖਿਆ ਸੀ ਕਿ "ਜੋ ਆਏ-ਗਏ ਦੀ ਸੇਵਾ ਕਰਦਾ ਹੈ, ਉਹ ਮੇਰੀ ਸੇਵਾ ਕਰਦਾ ਹੈ, ਗਰੀਬ ਦਾ ਮੂੰਹ ਹੀ ਗੁਰੂ ਦੀ ਗੋਲਕ ਹੈ ।"

## 10. ਖਾਲਸਾ ਪੰਥ ਦੀ ਸਥਾਪਨਾ:-

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਇਹ ਹੀ ਉਪਰਾਲੇ ਕੀਤੇ ਗਏ ਸਨ ਕਿ ਕਿਸੇ ਤਰ੍ਹਾਂ ਹਿੰਦੀਆਂ ਨੂੰ ਧਾਰਮਿਕ, ਸਮਾਜਿਕ ਅਤੇ ਰਾਜਸੀ ਬੰਧਨਾਂ ਤੋਂ ਮੁਕਤ ਕਰਾ ਕੇ ਇਕ-ਮੁੱਠ, ਉੱਨਤ ਅਤੇ ਆਜ਼ਾਦ ਕੌਮ ਬਣਾਇਆ ਜਾਵੇ । ਇਸ ਮੰਤਵ ਦੀ ਪ੍ਰਾਪਤੀ ਲਈ ਜਾਤ-ਪਾਤੀ ਵਿਤਕਰਿਆਂ, ਫੋਕੇ ਧਾਰਮਿਕ ਰਸਮਾਂ-ਰਿਵਾਜਾਂ ਅਤੇ ਵਹਿਮਾਂ-ਭਰਮਾਂ ਨੂੰ ਛੱਡਣ ਦੀ ਪ੍ਰੇਰਨਾ ਦਿੱਤੀ ਜਾਂਦੀ ਰਹੀ । ਇਸ ਦੇ ਨਾਲ-ਨਾਲ '**ਨਾ ਕਿਸੇ 'ਤੇ ਜ਼ੁਲਮ ਕਰੋ ਅਤੇ ਨਾ ਕਿਸੇ ਦਾ ਜ਼ੁਲਮ ਜਰੋ**' ਅਤੇ '**ਅਣਖ ਦੀ ਜ਼ਿੰਦਗੀ ਜੀਓ**' ਦਾ ਸਬਕ ਵੀ ਪੜ੍ਹਾਇਆਂ ਜਾਂਦਾ ਰਿਹਾ । ਇਕਦੂਜੇ ਨਾਲ ਪਿਆਰ, ਭਾਈਚਾਰਾ, ਦੁਖ-ਸੁਖ ਦੀ ਸਾਂਝ ਆਦਿ ਵੀ ਸਿਖਾਈ ਗਈ । ਇਸ ਪਾਸੇ ਵੱਲ ਕਾਫੀ ਪ੍ਰਗਤੀ ਹੋਈ ਪਰ ਅਜੇ ਬਹੁਤ ਕੁਛ ਕਰਨਾ ਬਾਕੀ ਸੀ । ਦੇਸ਼ ਵਾਸੀਆਂ ਵਿਚ ਕੌਮੀ-ਏਕਤਾ ਅਤੇ ਆਜ਼ਾਦੀ ਪ੍ਰਾਪਤੀ ਲਈ ਜੋਸ਼ ਅਤੇ ਹਿੰਮਤ ਭਰਨ ਦੀ ਲੋੜ ਸੀ ਕਿਉਂਕਿ ਅਜੇ ਵੀ ਕਈ ਲੋਕ ਆਪਣੇ ਹਿਤਾਂ ਦੀ ਖਾਤਰ ਆਪਣੇ ਹੀ ਭਰਾਵਾਂ ਵਿਰੁੱਧ ਵਿਦੇਸ਼ੀ ਜ਼ਾਲਮ ਸਰਕਾਰ ਦਾ ਸਾਥ ਦੇਣੋਂ ਬਾਜ਼ ਨਹੀਂ ਆਉਂਦੇ ਸਨ । ਅਜੇ ਤਾਂ ਪਹਾੜੀ ਰਾਜੇ ਹੀ ਆਪਣੇ ਰਾਜਸੀ ਹਿਤਾਂ ਅਤੇ ਜਾਤ-ਪਾਤੀ ਅਭਿਮਾਨ ਦੀ ਖਾਤਰ, ਗੁਰੂ ਜੀ, ਜੋ ਆਜ਼ਾਦੀ ਲਈ ਨਿਰਸਵਾਰਥ ਸੰਘਰਸ਼ ਕਰ ਰਹੇ ਸਨ, ਨਾਲ ਈਰਖਾ ਅਤੇ ਲੜਾਈਆਂ ਕਰਨੋ ਨਹੀਂ ਹਟਦੇ ਸਨ । ਗੁਰੂ ਜੀ ਨੇ ਇਸ ਪਾਸੇ ਵੱਲ ਇਕ ਇਨਕਲਾਬੀ ਕਦਮ ਚੁੱਕਣ ਦਾ ਫੈਸਲਾ ਕੀਤਾ, ਜਿਸ ਨਾਲ ਸਿੱਖ ਨੂੰ ਨਵੇਕਲਾ ਰੂਪ ਵੀ ਦਿੱਤਾ ਜਾ ਸਕੇ ਅਤੇ ਦੇਸ਼ ਦੀ ਆਜ਼ਾਦੀ ਲਈ ਤਨ, ਮਨ ਤੇ ਧਨ ਵਾਰਨ ਵਾਲਿਆਂ ਦੀ ਮਜ਼ਬੂਤ ਜਥੇਬੰਦੀ ਵੀ ਬਣਾਈ ਜਾਵੇ । **ਉਹ ਨਿਰੀ ਬਹਾਦਰਾਂ ਦੀ ਕੌਮ ਨਹੀਂ ਚਾਹੁੰਦੇ ਸਨ ਬਲਕਿ ਅਜੇਹੀ ਕੌਮ ਜਿਸ ਵਿਚ ਸੂਰਮਿਆਂ ਵਾਲੀ ਬੀਰਤਾ ਅਤੇ ਨਿਰਭੈਤਾ ਦੇ ਨਾਲ-ਨਾਲ ਸੰਤਾਂ ਵਾਲੀ ਦਇਆ ਅਤੇ ਪਵਿਤਰਤਾ ਵੀ ਹੋਵੇ, ਜੋ ਤਲਵਾਰ ਦੇ ਧਨੀ ਹੋਣ ਦੇ ਨਾਲ-ਨਾਲ ਦਇਆ, ਧਰਮ ਅਤੇ ਸਤ, ਸੰਤੋਖ ਦੀ ਮੂਰਤ ਵੀ ਹੋਣ** । ਗੁਰੂ ਜੀ ਦਾ ਵਿਚਾਰ ਸੀ ਕਿ ਜੇ ਅਜੇਹੇ ਆਦਰਸ਼ ਮਨੁੱਖ ਦਾ ਬਾਣਾ ਵੀ ਵੱਖਰੀ ਕਿਸਮ ਦਾ ਹੋਵੇਗਾ ਤਾਂ ਉਹ ਆਪਣੇ ਬਾਣੇ ਦੀ ਲਾਜ ਰੱਖਣ ਦਾ ਵੀ ਪਾਬੰਦ ਰਹੇਗਾ । ਗੁਰੂ ਜੀ ਨੇ ਗੁਰੂ ਨਾਨਕ ਸਾਹਿਬ ਵੱਲੋਂ ਅਰੰਭੇ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਅਤੇ ਇਸ ਮੰਤਵ ਲਈ ਖਾਲਸਾ ਪੰਥ ਸਾਜਣ ਦਾ ਫੈਸਲਾ ਕੀਤਾ ।

ਕੁਝ ਵਿਦਵਾਨ ਪੰਡਤਾਂ ਨੇ ਸਲਾਹ ਦਿੱਤੀ ਕਿ ਹਵਨ ਕਰਕੇ ਦੁਰਗਾ ਦੇਵੀ ਨੂੰ ਖੁਸ਼ ਕੀਤਾ ਜਾਵੇ । ਜਦ ਉਹ ਪ੍ਰਗਟ ਹੋ ਜਾਵੇ ਤਾਂ ਉਸਤੋਂ ਵਰ ਮੰਗਿਆ ਜਾਵੇ ਜਿਸ ਨਾਲ ਸਾਰੀਆਂ ਔਕੜਾਂ ਦੂਰ ਹੋ ਜਾਣਗੀਆਂ । *ਗੁਰੁ ਜੀ ਦੇਵੀ ਦੇਵਤਿਆਂ ਦੀ ਪੂਜਾ ਦੇ ਕੱਟੜ ਵਿਰੋਧੀ ਸਨ (ਬਲਕਿ ਗੁਰੂ ਨਾਨਕ ਸਾਹਿਬ ਤੋਂ ਹੀ ਇਕ ਕਰਤਾਰ ਦੀ ਪੂਜਾ ਲਈ ਪ੍ਰੇਰਨਾ ਦਿੱਤੀ ਜਾ ਰਹੀ ਸੀ ) ਫਿਰ ਵੀ ਉਨ੍ਹਾਂ ਪੰਡਤਾਂ ਦਾ ਭਰਮ ਦੂਰ ਕਰਨ ਲਈ ਬਨਾਰਸ ਤੋਂ ਪੰਡਤ ਕੇਸ਼ੋ ਦਾਸ ਨੂੰ ਸੱਦਿਆਂ, ਜਿਸ ਨੇ ਨੈਣਾ ਦੇਵੀ ਦੀ ਪਹਾੜੀ ਉੱਤੇ ਕਾਫੀ ਸਮੱਗਰੀ ਬਾਲਕੇ ਹਵਨ ਕੀਤਾ । ਹਜ਼ਾਰਾਂ ਮੰਤਰ ਪੜ੍ਹੇ ਅਤੇ ਤਰਲੇ ਮਾਰੇ ਪਰ ਦੇਵੀ ਪ੍ਰਗਟ ਨਾ ਹੋਈ । ਆਖਿਰ ਉਹ ਪੰਡਤ ਖਿਸਕ ਗਿਆ । **ਗੁਰੁ ਜੀ ਨੇ ਸਾਰੀ ਸਮੱਗਰੀ ਅੱਗ ਵਿਚ ਸੁੱਟ ਦਿੱਤੀ ਅਤੇ ਤਲਵਾਰ ਸੂਤ ਲਈ ਅਤੇ ਲਲਕਾਰ ਕੇ ਆਖਿਆ, "ਤਾਕਤ ਦੀ ਸੱਚੀ ਦੇਵੀ ਇਹ ਹੈ ਜੋ ਕਰਾਮਾਤਾਂ ਕਰ ਸਕਦੀ ਹੈ ਅਤੇ ਕਰੇਗੀ ਵੀ । ਇਹ ਤੁਹਾਡੇ ਸਾਰੇ ਦੁੱਖ ਦੂਰ ਕਰੇਗੀ । ਤੁਹਾਡੇ ਗਲੋਂ ਗੁਲਾਮੀ ਲਾਹ ਕੇ ਦੇਸ ਨੂੰ ਆਜ਼ਾਦ ਕਰਾਏਗੀ ਅਤੇ ਤੁਹਾਨੂੰ ਸੁਖ-ਸ਼ਾਂਤੀ ਬਖ਼ਸ਼ੇਗੀ । ਇਸ ਦੇ ਉਪਾਸ਼ਕ ਬਣੋ ।"**

ਗੁਰੂ ਜੀ ਨੇ 30 ਮਾਰਚ, 1699 ਈ. (ਸੰਮਤ 1756 ਬਿ.) ਦੀ ਵਿਸਾਖੀ ਦਾ ਦਿਨ ਮਿਥਿਆ ਅਤੇ ਦੂਰ-ਦੂਰ ਸਿੱਖਾਂ ਨੂੰ ਸੱਦੇ ਭੇਜੇ ਕਿ ਵਿਸਾਖੀ ਦੇ ਮੌਕੇ ਉੱਤੇ ਹੁਮ-ਹੁਮਾ ਕੇ ਅਨੰਦਪੁਰ ਪੁੱਜੋ ।

ਵਿਸਾਖੀ ਵਾਲੇ ਦਿਨ ਕੇਸਗੜ੍ਹ ਵਾਲੀ ਥਾਂ 'ਤੇ ਤੰਬੂ ਲੱਗੇ ਹੋਏ ਸਨ। ਕੀਰਤਨ ਹੋ ਰਿਹਾ ਸੀ। ਦਸਮੇਸ਼ ਜੀ ਕਿਸੇ ਵੱਖਰੇ ਰੰਗ ਵਿਚ ਰੰਗੇ ਹੋਏ ਸਨ। ਕੀਰਤਨ ਦੀ ਸਮਾਪਤੀ ਹੋਈ ਤਾਂ ਗੁਰੂ ਜੀ ਖੜੇ ਹੋ ਗਏ। ਕਿਰਪਾਨ ਸੂਤ ਲਈ ਅਤੇ ਲਲਕਾਰ ਕੇ ਸੰਗਤਾਂ ਨੂੰ ਆਖਿਆ, "ਇਕ ਸੀਸ ਚਾਹੀਦਾ ਹੈ, ਕੋਈ ਹੈ ਜੋ ਭੇਟ ਕਰੇ।" ਸੰਗਤਾਂ ਸੁਣ-ਵੇਖ ਕੇ ਹੈਰਾਨ ਰਹਿ ਗਈਆਂ। ਨੀਵੀਆਂ ਸੁੱਟ ਲਈਆਂ ਅਤੇ ਚੁੱਪ-ਚਾਨ ਵਰਤ ਗਈ । ਦੋ ਵਾਰ ਲਲਕਾਰਾ ਸੁਣਕੇ ਜਦੋਂ ਕੋਈ ਨਾ ਉਠਿੱਆ ਤਾਂ ਗੁਰੂ ਜੀ ਨੇ ਤੀਸਰੀ ਵਾਰ ਫਿਰ ਸੀਸ ਦੀ ਮੰਗ ਕੀਤੀ।

---

*ਜਿਵੇਂ-

1. ਅਨਹਦ ਰੂਪ ਅਨਾਹਦ ਬਾਨੀ ॥
   ਚਰਨ ਸ਼ਰਨ ਜਹਿ ਬਸਤ ਭਵਾਨੀ ॥ — ਅਕਾਲ ਉਸਤਤ
2. ਬਿਨ ਕਰਤਾਰ ਨ ਕਿਰਤਮ ਮਾਨੋਂ ॥ — ਸ਼ਬਦ ਹਜ਼ਾਰੇ
3. ਮੈਂ ਨ ਗਨੇਸ਼ਹਿ ਪ੍ਰਿਥਮ ਮਨਾਊਂ ॥ ਕਿਸ਼ਨ ਬਿਸ਼ਨ ਕਬਹੂੰ ਨ ਧਿਆਊਂ ॥
   ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥ ਲਿਵ ਲਾਗੀ ਮੋਰੀ ਪਗ ਇਨ ਸੋਂ ॥
   ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋਂ ॥
   ਸਿਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨਾ ਜਾਨਯੋ ॥ — ਰਾਮਾਵਤਾਰ



ਭਾਈ ਦਇਆ ਰਾਮ ਖੱਤਰੀ ਵਾਸੀ ਲਾਹੌਰ ਉੱਠਿਆ ਅਤੇ ਹੱਥ ਬਨ੍ਹਕੇ ਕਹਿਣ ਲੱਗਾ, "ਮੇਰਾ ਸੀਸ ਹਾਜ਼ਰ ਹੈ, ਪਰਵਾਨ ਕਰੋ ।" ਗੁਰੂ ਜੀ ਉਸਨੂੰ ਬਾਹੋਂ ਫੜਕੇ ਤੰਬੂ ਅੰਦਰ ਲੈ ਗਏ । ਅੰਦਰੋਂ ਤਲਵਾਰ ਵੱਜਣ ਅਤੇ ਧੜ ਥੱਲੇ ਡਿੱਗਣ ਦੀ ਆਵਾਜ਼ ਆਈ । ਗੁਰੂ ਜੀ ਖੂਨ ਨਾਲ ਲਿੱਬੜੀ ਹੋਈ ਤਲਵਾਰ ਲੈ ਕੇ ਫਿਰ ਦੀਵਾਨ ਵਿਚ ਆ ਗਏ ਅਤੇ ਉਸੇ ਤਰ੍ਹਾਂ ਦੂਜੇ ਸੀਸ ਦੀ ਮੰਗ ਕੀਤੀ । ਇਸ ਵਾਰ ਭਾਈ ਧਰਮ ਦਾਸ ਜਟ ਦਿੱਲੀ ਦਾ ਵਾਸੀ ਉਠਿੱਆ । ਉਸਨੂੰ ਵੀ ਤੰਬੂ ਵਿਚ ਲੈ ਗਏ ਅਤੇ ਉਸੇ ਤਰ੍ਹਾਂ ਤਲਵਾਰ ਦੇ ਚੱਲਣ ਅਤੇ ਧੜ ਦੇ ਡਿੱਗਣ ਦੀ ਆਵਾਜ਼ ਆਈ । ਇਹ ਵੇਖਕੇ ਸੰਗਤ ਭੈ-ਭੀਤ ਹੋ ਗਈ । ਕੁਝ ਲੋਕ ਤਾਂ ਖਿਸਕ ਵੀ ਗਏ । ਕਈਆਂ ਨੇ ਮਾਤਾ ਗੁਜਰੀ ਜੀ ਪਾਸ ਸ਼ਕਾਇਤ ਜਾ ਕੀਤੀ ਕਿ ਗੁਰੂ ਜੀ ਨੂੰ ਵਰਜਿਆ ਜਾਵੇ ।

ਇਹ ਕੌਤਕ ਗੁਰੂ ਜੀ ਨੇ ਪੰਜ ਵਾਰ ਕੀਤਾ । ਤੀਜੀ ਵਾਰ ਜਗਨਨਾਥ ਪੁਰੀ ਦਾ ਝੀਊਰ ਭਾਈ ਹਿੰਮਤ ਰਾਇ, ਚੌਥੀ ਵਾਰ ਦਵਾਰਕਾ ਦਾ ਛੀਂਬਾ ਭਾਈ ਮੁਹਕਮ ਚੰਦ ਅਤੇ ਪੰਜਵੀ ਵਾਰ ਬਿਦਰ ਦਾ ਨਾਈ ਭਾਈ ਸਾਹਿਬ ਚੰਦ ਨਿਤਰਿਆ । ਪੰਜਵੀਂ ਵਾਰ ਗੁਰੂ ਜੀ ਕਾਫੀ ਦੇਰ ਲਗਾਕੇ ਬਾਹਰ ਆਏ । ਇਸ ਵੇਰ ਗੁਰੂ ਜੀ ਬਹੁਤ ਖ਼ੁਸ਼ ਸਨ ਅਤੇ ਉਨ੍ਹਾਂ ਪਿੱਛੇ ਸੋਹਣੇ ਪੁਸ਼ਾਕੇ ਪਾਈ ਉਹੀ ਪੰਜ ਗੁਰੂ ਦੇ ਲਾਲ ਸਨ ਜਿਨ੍ਹਾਂ ਆਪਣੇ ਸੀਸ ਭੇਟ ਕੀਤੇ ਸਨ । ਫਿਰ ਗੁਰੂ ਜੀ ਨੇ ਸਵੱਛ ਜਲ ਮੰਗਵਾਇਆ ਅਤੇ ਬਾਟੇ ਵਿਚ ਪਾ ਕੇ ਪੰਜ ਬਾਣੀਆਂ ਪੜ੍ਹੀਆਂ। ਏਸੇ ਸਮੇਂ ਤਿਆਰ ਕੀਤੇ ਜਾ ਰਹੇ ਅੰਮ੍ਰਿਤ ਵਿਚ ਮਾਤਾ ਜੀਤੋ ਜੀ ਨੇ ਪਤਾਸੇ ਵੀ ਪਾ ਦਿੱਤੇ । ਇਸ ਤਰ੍ਹਾਂ ਤਿਆਰ ਕੀਤਾ ਅੰਮ੍ਰਿਤ ਪੰਜਾਂ ਨੂੰ ਛਕਾਇਆ ਅਤੇ ਬਚਨ ਕੀਤੇ, "ਇਹ ਪੰਜ ਪਿਆਰੇ ਹਨ ਅਤੇ ਸਿੰਘ ਸੱਜ ਗਏ ਹਨ । ਇਨ੍ਹਾਂ ਦਾ ਨਵਾਂ ਜਨਮ ਮੇਰੇ ਘਰ ਹੋਇਆ ਹੈ । ਇਹ ਮੇਰੇ ਪੁੱਤਰ ਹਨ । ਹੁਣ ਇਹ ਸੂਰ-ਬੀਰਾਂ ਦੀ ਨਵੀਂ ਖਾਲਸਾ ਕੌਮ ਬਣ ਗਈ ਹੈ । ਇਨ੍ਹਾਂ ਦੀਆਂ ਪਿਛਲੀਆਂ ਜਾਤਾਂ ਸਭ ਖ਼ਤਮ ਹੋ ਗਈਆਂ ਹਨ । ਹੁਣ ਇਨ੍ਹਾਂ ਦੇ ਨਾਮ ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ. ਮੁੰਹਕਮ ਸਿੰਘ ਅਤੇ ਸਾਹਿਬ ਸਿੰਘ ਹੋ ਗਏ ਹਨ।" ਫਿਰ ਰਹਿਤ ਬਾਰੇ ਉਪਦੇਸ਼ ਦਿੱਤੇ ।

ਫਿਰ ਗੁਰੂ ਜੀ ਨੇ ਸਿੰਘਾਸਨ ਤੋਂ ਥੱਲੇ ਉੱਤਰ ਕੇ ਦੋਵੇਂ ਹਥ ਜੋੜ ਪੰਜਾਂ ਪਿਆਰਿਆਂ ਅੱਗੇ ਬੇਨਤੀ ਕੀਤੀ ਕਿ **"ਇਹ ਅੰਮ੍ਰਿਤ ਦੀ ਦਾਤ ਹੁਣ ਮੈਨੂੰ ਵੀ ਬਖ਼ਸ਼ੋ ।"** ਇਸ ਸੁਣਕੇ ਪੰਜ ਪਿਆਰੇ ਚੁੱਪ ਜਿਹੇ ਹੋ ਗਏ, ਸੰਗਤ ਵੀ ਹੈਰਾਨ ਹੋ ਗਈ । ਪਰ ਗੁਰੂ ਜੀ ਨੇ ਕਿਹਾ ਕਿ ਕੋਈ ਸੰਸਾ ਨਾ ਕਰੋ । ਪੰਥ ਵਾਹਿਗੁਰੂ ਨੇ ਸਾਜਿਆ ਹੈ, ਮੈਨੂੰ ਵੀ ਇਸ ਵਿਚ ਸ਼ਾਮਿਲ ਕਰੋ । ਤੁਹਾਡੇ ਅਤੇ ਮੇਰੇ ਵਿਚ ਕੋਈ ਫ਼ਰਕ ਨਹੀਂ ਹੈ । ਭਾਈ ਸੰਤੋਖ ਸਿੰਘ ਦੇ ਸ਼ਬਦਾਂ ਵਿਚ:

**ਖਾਲਸਾ ਗੁਰੂ ਹੈ, ਗੁਰੂ ਖਾਲਸਾ ਕਰੋਂ ਮੈਂ ਅਬਿ**
**ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਓ।**
**ਸ਼ੱਕ ਨ ਕਰੀਜੈ, ਸਾਵਧਾਨ ਹੋਇ ਦੀਜੈ ਅਬਿ**
**ਅੰਮ੍ਰਿਤ ਛਕਾਵੋ ਮੁਹਿ ਜੈਸੇ ਤੁਮ ਲੀਨਿਓ।**

ਗੁਰ ਪ੍ਰਤਾਪ ਸੂਰਜ ਗ੍ਰੰਥ

ਗੁਰੂ ਜੀ ਨੂੰ ਵੀ ਅੰਮ੍ਰਿਤ ਪਾਨ ਕਰਵਾਇਆ ਗਿਆ ਅਤੇ ਰਹਿਤ ਦੱਸੀ ਗਈ। ਰਹਿਤ ਵਿਚ ਇਹ ਵੀ ਸ਼ਾਮਿਲ ਸੀ ਕਿ ਜਦ ਕਦੀ ਪੰਥ ਨੂੰ ਭੀੜ ਬਣੇ ਤਾਂ ਅੰਗ-ਸੰਗ ਰਹਿ ਕੇ ਸਹਾਇਤਾ ਕਰਨੀ।

ਇਸ ਤਰ੍ਹਾਂ '**ਆਪੇ ਗੁਰ ਚੇਲਾ**' ਹੋਣ ਦੀ ਸੱਚੇ ਪਾਤਸ਼ਾਹ ਨੇ ਮਿਸਾਲ ਪੇਸ਼ ਕੀਤੀ। ਨਾਲ ਹੀ ਪੰਚ-ਪ੍ਰਧਾਨੀ (ਪੰਚਾਇਤੀ ਰਾਜ) ਦੀ ਨੀਂਹ ਵੀ ਰੱਖੀ। ਖਾਲਸਾ ਪੰਥ ਸਾਜਣ ਵੇਲੇ ਜਿਹੜੇ ਉਪਦੇਸ਼ ਦਸਮੇਸ਼ ਜੀ ਨੇ ਦਿੱਤੇ ਉਹ ਇਨਸਾਨ ਨੂੰ ਦੇਵਤਾ ਬਨਾਉਣ ਵਾਲੇ ਅਤੇ ਸਦੀਵੀ ਹਨ :-

**"ਅੱਜ ਤੋਂ ਖਾਲਸਾ ਪੰਥ ਹੀ ਤੁਹਾਡੀ ਜਾਤ, ਕੌਮ ਅਤੇ ਬਰਾਦਰੀ ਹੈ। ਤੁਸੀਂ ਸੰਤਾਂ ਜੇਹੇ ਧਰਮੀ ਤੇ ਪਰਉਪਕਾਰੀ ਅਤੇ ਸੂਰਬੀਰਾਂ ਜੇਹੇ ਨਿਰਭੈ ਤੇ ਬਲਵਾਨ ਯੋਧੇ ਬਣਨਾ ਹੈ। ਕਮਜ਼ੋਰਾਂ, ਮਜ਼ਲੂਮਾਂ ਦੀ ਤੁਸੀਂ ਬਾਂਹ ਫੜਨੀ ਹੈ। ਜਬਰ ਹੁੰਦਾ ਵੇਖਕੇ ਚੁਪ ਨਹੀਂ ਬੈਠੇ ਰਹਿਣਾ। ਨਾ ਕਿਸੇ ਤੋਂ ਡਰਨਾ ਹੈ ਅਤੇ ਨਾ ਕਿਸੇ ਨੂੰ ਡਰਾਉਣਾ। ਧਰਮ ਨਹੀਂ ਛੱਡਣਾ ਭਾਵੇਂ ਕਿੰਨੀ ਵੀ ਕੀਮਤ ਤਾਰਨੀ ਪਵੇ।"**

ਗੁਰੂ ਨਾਨਕ ਸਾਹਿਬ ਦੀ ਸਿੱਖਿਆ ਅਨੁਸਾਰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਕੇ ਛਕਣ ਨੂੰ ਮੁੜ ਦ੍ਰਿੜ੍ਹ ਕਰਵਾਇਆ। ਬਾਣੀ ਅਤੇ ਬਾਣੇ ਨਾਲ ਜੁੜੇ ਰਹਿਣ ਦਾ ਅਤੇ 'ਮਨ ਬਚ ਕਰਮ' ਦਾ ਉਪਦੇਸ਼ ਦਿੱਤਾ। ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਅਤੇ ਦੀਦਾਰ ਖਾਲਸੇ ਕਾ ਕਰਨ ਦੀ ਤਾਕੀਦ ਕੀਤੀ। ਉਨ੍ਹਾਂ ਪੰਜ ਕਕਾਰਾਂ ਦੀ ਰਹਿਤ ਅਤੇ ਚਾਰ ਬੱਜਰ ਕੁਰਹਿਤਾਂ ਦੀ ਪਾਲਣਾ ਕਰਨੀ ਦੱਸੀ। 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਦਾ ਨਾਅਰਾ ਬਖ਼ਸ਼ਿਆ। ਉਨ੍ਹਾਂ ਪੰਜ ਅੰਮ੍ਰਿਤਧਾਰੀ ਸਿੱਖਾਂ, ਚਾਹੇ ਉਹ ਕਿਸੇ ਪੁਰਾਣੇ ਵਰਨ ਜਾਂ ਜਾਤੀ ਨਾਲ ਸੰਬੰਧਤ ਹੋਣ, ਨੂੰ ਅੰਮ੍ਰਿਤ ਸੰਚਾਰ ਅਤੇ ਅੰਮ੍ਰਿਤ ਪ੍ਰਚਾਰ ਕਰਨ ਦਾ ਹੱਕ ਬਖ਼ਸ਼ਿਆ।

ਅੰਮ੍ਰਿਤ ਛਕਣ ਨਾਲ ਸਿਰਫ ਮਰਦਾਂ ਵਿਚ ਹੀ ਤਬਦੀਲੀ ਨਹੀਂ ਆਈ ਸਗੋਂ ਔਰਤਾਂ ਨੂੰ ਵੀ ਮਰਦਾਂ ਦੇ ਬਰਾਬਰ ਸਮਝਣ ਦੀ ਤੋਰ, ਜੋ ਗੁਰੂ ਨਾਨਕ ਸਾਹਿਬ ਨੇ ਤੋਰੀ ਸੀ ਅਤੇ ਬਾਕੀ ਗੁਰੂ ਸਾਹਿਬਾਨ ਨੇ ਦ੍ਰਿੜ੍ਹ ਕਰਾਈ ਸੀ,



ਦਸ਼ਮੇਸ਼ ਜੀ ਨੇ ਦੁਹਰਾ ਦਿੱਤੀ ਅਤੇ ਔਰਤਾਂ ਅੰਮ੍ਰਿਤ ਛੱਕ ਕੇ ਸਿੰਘਣੀਆਂ (ਸ਼ੇਰਨੀਆਂ) ਬਣਨ ਦਾ ਅਧਿਕਾਰੀ ਬਣ ਗਈਆਂ। ਸੰਸਾਰ ਦੇ ਇਤਿਹਾਸ ਵਿਚ ਇਹ ਇਕ ਨਿਵੇਕਲਾ ਇਨਕਲਾਬੀ ਕਦਮ ਸੀ। ਖਾਲਸਾ ਪੰਥ ਸਾਜਣ ਉਪਰੰਤ ਗੁਰੂ ਜੀ ਬਹੁਤ ਪ੍ਰਸੰਨ-ਚਿੱਤ ਸਨ। ਉਨ੍ਹਾਂ ਆਪਣੀ ਕਿਰਤ(ਖਾਲਸੇ) ਦੀ ਮਹਿਮਾ ਇਨ੍ਹਾਂ ਸ਼ਬਦਾਂ ਵਿਚ ਕੀਤੀ :-

**ਜੁੱਧ ਜਿਤੇ ਇਨਹੀ ਕੇ ਪ੍ਰਸਾਦਿ,**
**ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥**
**ਅਘ ਆਉਘ ਟਰੇ ਇਨਹੀ ਕੇ ਪ੍ਰਸਾਦਿ,**
**ਇਨਹੀ ਕੀ ਕ੍ਰਿਪਾ ਫੁਨ ਧਾਨ ਭਰੇ॥**
**ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ,**
**ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ॥**
**ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,**
**ਨਹੀਂ ਮੋ ਸੋ ਗਰੀਬ ਕਰੋਰ ਪਰੇ॥੨॥** ਦਸਮ ਗ੍ਰੰਥ

ਜਿਸ ਕਾਰਜ ਸਿੱਧੀ ਲਈ ਉਹ ਜਗਤ ਵਿਚ ਆਏ ਸਨ, ਉਸਨੂੰ ਉਹ ਇੰਜ ਦਸਦੇ ਸਨ:-

**ਹਮ ਇਹ ਕਾਜ ਜਗਤ ਮੋਂ ਆਏ,**
**ਧਰਮ ਹੇਤ ਗੁਰਦੇਵਿ ਪਠਾਏ।**
**ਜਹਾਂ ਤਹਾਂ ਤੁਮ ਧਰਮ ਬਿਥਾਰੋ,**
**ਦੁਸਟ ਦੋਖੀਯਨਿ ਪਕਰਿ ਪਛਾਰੋ।**
**ਯਾਹੀ ਕਾਜ ਧਰਾ ਹਮ ਜਨਮੰ,**
**ਸਮਝ ਲੇਹੁ ਸਾਧੂ ਸਭ ਮਨਮੰ।**
**ਧਰਮ ਚਲਾਵਨ, ਸੰਤ ਉਬਾਰਨ,**
**ਦੁਸਟ ਸਭਨ ਕੋ ਮੂਲ ਉਪਾਰਨਿ।**

ਬਚਿੱਤਰ ਨਾਟਕ ੬/੪੨,੪੩

ਖਾਲਸੇ ਵਿਚ ਬੀਰ-ਰਸ ਭਰਨ ਲਈ ਰੋਜ ਇਹ ਅਰਦਾਸ ਦ੍ਰਿੜ੍ਹ ਕਰਾਉਂਦੇ ਸਨ :-

**ਦੇਹ ਸ਼ਿਵਾ ਬਰੁ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥**
**ਨ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰਿ ਅਪੁਨੀ ਜੀਤ ਕਰੋਂ॥**

**ਅਰੁ ਸਿਖਹੋਂ ਆਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ॥**
**ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈਂ ਤਬ ਜੂਝਿ ਮਰੋਂ॥**

ਚੰਡੀ ਚਰਿਤ੍ਰ ੨੩੧

ਆਪਣੇ ਨਿਜ ਬਾਰੇ ਉਹ ਇੰਜ ਕਹਿੰਦੇ ਸਨ:-

**ਜੋ ਹਮ ਕੋ ਪਰਮੇਸੁਰ ਉਚਰਿ ਹੈਂ,**
**ਤੇ ਸਭ ਨਰਕਿ ਕੁੰਡ ਮਹਿ ਪਰਿ ਹੈਂ॥**
**ਮੋ ਕੌ ਦਾਸ ਤਵਨ ਕਾ ਜਾਨੋ,**
**ਯਾ ਮੈ ਭੇਦੁ ਨ ਰੰਚ ਪਛਾਨੋ॥**
**ਮੈਂ ਹੋ ਪਰਮ ਪੁਰਖ ਕੋ ਦਾਸਾ,**
**ਦੇਖਨਿ ਆਯੋ ਜਗਤ ਤਮਾਸਾ॥**

ਬਚਿੱਤ੍ਰ ਨਾਟਕ ੩੨/੩੩

## 11. ਪਹਾੜੀ ਰਾਜਿਆਂ ਨਾਲ ਭੇਂਟ:-

ਖਾਲਸਾ ਪੰਥ ਸਾਜਣ ਤੋਂ ਅਗਲੇ ਸਾਲ ਆਪ ਰਿਆਸਤ ਮੰਡੀ ਦੇ ਪ੍ਰਸਿੱਧ ਤੀਰਥ ਰਵਾਲਸਰ ਗਏ । ਉਥੇ ਪਹਾੜੀ ਰਾਜੇ ਵੀ ਆਏ ਹੋਏ ਸਨ। ਆਪ ਜੀ ਨੇ ਉਨ੍ਹਾਂ ਨੂੰ ਆਖਿਆ ਕਿ ਆਓ ਸਾਰੇ ਭਾਰਤੀ ਇਕ ਪੱਧਰ 'ਤੇ ਰਲ-ਮਿਲਕੇ, ਜਾਤ-ਵਰਨ ਅਤੇ ਊਚ-ਨੀਚ ਦੂਰ ਕਰਕੇ ਵਿਦੇਸ਼ੀ ਜ਼ਾਲਮ ਅਤੇ ਬੇ-ਨਿਆਈ ਸਰਕਾਰ ਵਿਰੁੱਧ ਡੱਟ ਜਾਈਏ ਅਤੇ ਆਪਣਾ ਨਿਆਂਕਾਰੀ ਰਾਜ ਅਤੇ ਨਰੋਆ ਸਮਾਜ ਕਾਇਮ ਕਰਨ ਦੇ ਉਪਰਾਲੇ ਕਰੀਏ । ਇਸ ਮੰਤਵ ਲਈ ਆਓ, ਅੰਮ੍ਰਿਤ ਛਕੋ, ਅਤੇ ਸਿੰਘ ਸਜੋ ਅਤੇ ਖਾਲਸੇ ਦੇ ਆਗੂ ਬਣਕੇ ਦੇਸ ਧਰਮ ਦੀ ਸੇਵਾ ਕਰੋ ।

ਪਰ ਰਾਜਿਆਂ ਉੱਤੇ ਉੱਚ-ਜਾਤੀਏ ਹੋਣ ਦਾ ਅਤੇ ਰਾਜ-ਭਾਗ ਵਾਲੇ ਹੋਣ ਦਾ ਹੰਕਾਰ ਛਾਇਆ ਹੋਇਆ ਸੀ । ਇਸਦੇ ਨਾਲ ਹੀ ਜ਼ਾਲਮ ਅਤੇ ਜਾਬਰ ਵਿਦੇਸ਼ੀ ਸਰਕਾਰ ਦਾ ਛੱਪਾ ਵੀ ਪਿਆ ਹੋਇਆ ਸੀ । ਉਨ੍ਹਾਂ ਨੇ ਉਲਟਾ ਗੁਰੂ ਜੀ ਨੂੰ ਆਖਿਆ "ਮੁਗ਼ਲ ਸਰਕਾਰ ਨਾਲ ਮੱਥਾ ਲਾਉਂਣਾ ਆਪਣੀ ਹੀ ਮੌਤ ਅਤੇ ਬਰਬਾਦੀ ਨੂੰ ਸੱਦਾ ਦੇਣਾ ਹੋਵੇਗਾ । ਮੁਗ਼ਲ ਫੌਜਾਂ ਦੇ ਮੁਕਾਬਲੇ ਤੁਹਾਡਾ ਖਾਲਸਾ ਬਾਜ ਸਾਹਮਣੇ ਚਿੜੀਆਂ ਅਤੇ ਸ਼ੇਰ ਸਾਹਮਣੇ ਭੇਡਾਂ, ਬਕਰੀਆਂ ਦੇ ਤੁੱਲ ਹੈ।"

ਇਹ ਗੱਲਾਂ ਸੁਣਕੇ ਗੁਰੂ ਜੀ ਨੇ ਰੋਹ ਵਿਚ ਆ ਕੇ ਆਖਿਆਂ, "ਗੁਲਾਮ ਬਿਰਤੀ ਅਤੇ ਸੰਸਾਰਕ ਭੋਗਾਂ ਨਾਲ ਤੁਹਾਡਾ ਮੱਚ ਮਰ ਗਿਆ ਹੈ, ਤੁਹਾਡੇ ਮਨ ਮਲੀਨ ਅਤੇ ਤਨ ਨਿਰਜਿੰਦ ਹੋ ਗਏ ਹਨ । ਤੁਹਾਨੂੰ ਸਰਬ- ਕਲਾ-ਸਮਰੱਥ ਦੀ



ਸ਼ਕਤੀ ਬਾਰੇ ਨਾ ਤਾਂ ਗਿਆਨ ਹੈ ਅਤੇ ਨਾਂ ਹੀ ਉਸ ਉਤੇ ਭਰੋਸਾ ਹੈ । ਖੰਡੇ-ਬਾਟੇ ਦੇ ਅੰਮ੍ਰਿਤ ਵਿਚ ਬਹੁਤ ਸ਼ਕਤੀ ਹੈ । ਬੇਸ਼ਕ ਅਜ਼ਮਾ ਕੇ ਦੇਖ ਲਵੋ । ਅਸੀਂ ਉਹ ਕਰ ਵਿਖਾਵਾਂਗੇ ਜਿਸਦਾ ਤੁਹਾਨੂੰ ਖਾਬੋ-ਖਿਆਲ ਵੀ ਨਹੀਂ ।" ਗੁਰੂ ਜੀ ਨੇ ਲਲਕਾਰ ਕੇ ਆਖਿਆ:-

**ਭੇੜੋਂ ਕੇ ਮੈਂ ਸ਼ੇਰ ਬਨਾਊਂ॥**
**ਰਾਠਨ ਕੇ ਸੰਗ ਰੰਕ ਲੜਾਊਂ॥**
**ਭੂਪ ਗਰੀਬਨ ਕੋ ਕਹਾਊਂ॥**
**ਚਿੜੀਓਂ ਸੇ ਮੈਂ ਬਾਜ ਤੁੜਾਊਂ॥**
**ਸਵਾ ਲਾਖ ਸੇ ਏਕ ਲੜਾਊਂ॥**
**ਤਬੈ ਗੋਬਿੰਦ ਸਿੰਘ ਨਾਮ ਕਹਾਊਂ॥**

ਗੁਰੂ ਜੀ ਨੇ ਯਕੀਨ ਦਵਾਇਆ:

"ਰਾਜ ਤੁਹਾਡਾ ਹੀ ਹੋਵੇਗਾ । ਮੈਂ ਕੋਈ ਰਾਜ ਕਾਇਮ ਨਹੀਂ ਕਰਨਾ। ਰਾਜ ਤੁਹਾਡੇ ਹੀ ਪੁਤ-ਪੋਤਰੇ ਕਰਨਗੇ ਅਤੇ ਕਰਨਗੇ ਵੀ ਆਜ਼ਾਦ ਹੋ ਕੇ। ਆਓ, ਮੇਰਾ ਸਾਥ ਦਿਓ ।" ਪਰ ਰਾਜਿਆਂ ਨੇ ਗੁਰੂ ਜੀ ਉੱਤੇ ਵਿਸ਼ਵਾਸ਼ ਨਾ ਕੀਤਾ ਅਤੇ ਨਾ ਹੀ ਮਾਣਸਿਕ ਗੁਲਾਮੀ ਅਤੇ ਜਾਤ, ਧਰਮ, ਰਾਜ ਦਾ ਅਭਿਮਾਨ ਹੋਣ ਕਾਰਨ, ਗੁਰੂ ਜੀ ਦਾ ਸਾਥ ਦੇਣ ਲਈ ਤਿਆਰ ਹੋਏ । ਉਲਟਾ ਗੁਰੂ ਜੀ ਵਿਰੁੱਧ ਗੋਂਦਾਂ ਗੁੰਦਣ ਲੱਗ ਪਏ । ਕਿਉਂਕਿ, ਗੁਰੂ ਜੀ ਵਲੋਂ ਚਲਾਈ ਲਹਿਰ ਨੂੰ ਉਹ ਆਪਣੇ ਨਿਜੀ ਹਿਤਾਂ ਦੇ ਵਿਰੁੱਧ ਸਮਝਦੇ ਸਨ ।

## 12. ਅਨੰਦਪੁਰ ਸਾਹਿਬ ਦੀ ਮਹਿਮਾ :-

ਅਨੰਦਪੁਰ ਸਾਹਿਬ ਵਿਚ ਲੰਗਰ ਵੀ ਚਲਦਾ, ਗੁਰਬਾਣੀ ਕੀਰਤਨ ਅਤੇ ਕਵੀ ਦਰਬਾਰ ਵੀ ਹੁੰਦੇ ਸਨ । ਅਨੰਦਪੁਰ ਸਾਹਿਬ ਵਿਚ ਇੰਨੇ ਵਿਦਵਾਨ ਆ ਗਏ ਕਿ ਇਹ ਵਿਦਿਆ ਦਾ ਕੇਂਦਰ ਬਣ ਗਿਆ ।

ਗੁਰੂ ਜੀ ਨੇ ਅਨੰਦਗੜ੍ਹ ਕਿਲ੍ਹਾ ਬਣਵਾਇਆ ਅਤੇ ਨਗਾਰਾ ਵੀ ਤਿਆਰ ਕਰਵਾਇਆ, ਜਿਸਦਾ ਨਾਂ ਰਣਜੀਤ ਨਗਾਰਾ ਸੀ । ਜਦੋਂ ਔਰੰਗਜ਼ਬ ਨੂੰ ਰਣਜੀਤ ਨਗਾਰੇ ਦਾ ਪਤਾ ਲੱਗਾ ਤਾਂ ਉਹ ਸੜ ਬਲ ਹੀ ਗਿਆ ।

ਗੁਰੂ ਜੀ ਨੇ ਵਿਸਾਖੀ ਤੇ ਦੀਵਾਲੀ ਦੇ ਮੇਲੇ ਮਨਾਉਣੇ ਸ਼ੁਰੂ ਕਰ ਦਿੱਤੇ ਤੇ ਘੋੜ ਸਵਾਰੀ ਸਿੱਖਣੀ ਵੀ ਸਭ ਸਿੰਘਾਂ ਲਈ ਜ਼ਰੂਰੀ ਕਰ ਦਿੱਤੀ ਗਈ ।

ਇਕ ਦਿਨ ਕੁਝ ਲੋਕਾਂ ਨੇ ਮਾਤਾ ਨਾਨਕੀ ਜੀ (ਗੁਰੂ ਜੀ ਦੀ ਦਾਦੀ) ਨੂੰ ਕਿਹਾ, "ਕਹਿਲੂਰ ਦਾ ਰਾਜਾ ਨੇੜੇ ਆਇਆ ਹੋਇਆ ਹੈ, ਨਗਾਰਾ ਨਾ

ਵਜਾਇਆ ਜਾਵੇ ।" ਮਾਤਾ ਜੀ ਨੇ ਨਗਾਰਚੀ ਨੂੰ ਰੋਕਿਆ ਤੇ ਨਗਾਰਾ ਨਾ ਵੱਜਿਆ । ਗੁਰੂ ਜੀ ਨੇ ਨਗਾਰਾ ਨਾ ਵਜਾਉਣ ਦਾ ਕਾਰਨ ਪੁੱਛਿਆ ਤਾਂ ਪਤਾ ਲੱਗਿਆ ਕਿ ਦਾਦੀ ਜੀ ਨੇ ਮਨ੍ਹਾਂ ਕੀਤਾ ਸੀ । ਗੁਰੂ ਜੀ ਨੇ ਇਕ ਸਿੰਘ ਨੂੰ ਕਿਹਾ, "ਮਾਤਾ ਜੀ ਨੂੰ ਕਹਿਣਾ ਕਿ ਚੁੱਪ ਕਰਕੇ ਕਿੰਨੀ ਦੇਰ ਕੱਟਾਂਗੇ ? ਜਿਸ ਸਿੰਘਾਸਣ 'ਤੇ ਮੈਂ ਬੈਠਾ ਹਾਂ, ਇਹ ਗੁਰੂ ਨਾਨਕ ਸਾਹਿਬ ਜੀ ਦਾ ਹੈ, ਜੋ ਆਪ ਪਰਮੇਸ਼ਰ ਦਾ ਰੂਪ ਸਨ ।"

ਰਾਜਾ ਰਾਮ ਸਿੰਘ ਆਸਾਮ ਹੀ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋ ਚੁੱਕੀ ਸੀ । ਉਹ ਦਿੱਲੀ ਪੁੱਜਾ ਤਾਂ ਔਰੰਗਜ਼ੇਬ ਦਿੱਲੀ ਤੋਂ ਅਜਮੇਰ ਵਲ ਚਲਾ ਗਿਆ ਸੀ । ਦਿੱਲੀ ਤੋਂ ਰਾਮ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਨੂੰ ਅਨੰਦਪੁਰ ਆਇਆ । ਉਸਨੇ ਪੰਜ ਘੋੜੇ ਭੇਟ ਕੀਤੇ ਅਤੇ ਗੁਰੂ ਜੀ ਦੇ ਸਾਹਸ ਅਤੇ ਭਰੋਸੇ ਦੀ ਬਹੁਤ ਸਲਹੁਤ ਕੀਤੀ ।

ਗੁਰੂ ਤੇਗ ਬਹਾਦਰ ਜੀ ਨੂੰ ਆਸਾਮ ਵਿਚ ਇਕ ਹੋਰ ਰਾਜਾ, ਜੋ ਗੋਰੀਪੁਰ ਦਾ ਜਾਗੀਰਦਾਰ ਸੀ ਅਤੇ ਰਾਜਾ ਕਰਕੇ ਹੀ ਜਾਣਿਆ ਜਾਂਦਾ ਸੀ । ਉਸਦੇ ਘਰ ਇਕ ਬੇਟੇ ਦਾ ਜਨਮ ਗੁਰੂ ਜੀ ਦੀ ਅਰਦਾਸ ਸਦਕਾ ਹੀ ਹੋਇਆ ਸੀ । ਜਦ ਇਹ ਲੜਕਾ, ਰਤਨ ਰਾਏ, ਵੱਡਾ ਹੋਇਆ ਤਾਂ ਆਪਣੀ ਮਾਂ ਨਾਲ ਦਸਵੇਂ ਪਾਤਸ਼ਾਹ ਦੇ ਦਰਸ਼ਨਾਂ ਨੂੰ ਅਨੰਦਪੁਰ ਆਇਆ । ਭੇਟਾ ਵਜੋਂ ਉਸਨੇ ਪ੍ਰਸ਼ਾਦੀ ਹਾਥੀ ਤੇ ਪੰਜ ਕਲਾ ਸ਼ਸਤਰ ਭੇਟ ਕੀਤਾ । ਮਾਂ-ਪੁੱਤ ਗੁਰੂ ਜੀ ਤੋਂ ਐਨੇ ਪ੍ਰਭਾਵਿਤ ਹੋਏ ਕਿ ਅਨੰਦਪੁਰ ਸਾਹਿਬ ਪੰਜ ਮਹੀਨੇ ਗੁਰੂ ਜੀ ਦੀ ਸੰਗਤ ਦਾ ਅਨੰਦ ਮਾਣਦੇ ਰਹੇ ਤੇ ਫਿਰ ਘਰ ਵਾਪਸ ਪਰਤੇ । ਇਨ੍ਹਾਂ ਭੇਟਾਵਾਂ ਤੋਂ ਰਾਜਾ ਭੀਮ ਚੰਦ ਬਹੁਤ ਸੜਿਆ ।

ਜਦ ਗੁਰੂ ਜੀ ਪਾਉਂਟਾ ਸਾਹਿਬ ਗਏ, ਤਾਂ ਉਨ੍ਹਾਂ ਨੇ 52 ਨਾਮਵਰ ਕਵੀ ਆਪਣੇ ਕੋਲ ਰੱਖੇ, ਜਿੰਨ੍ਹਾਂ ਨੇ ਪੁਰਾਣੇ ਸਾਹਿਤ ਨੂੰ ਸੋਧਣ ਅਤੇ ਖੋਜਣ ਦਾ ਕੰਮ ਕੀਤਾ ਅਤੇ ਚੋਣਵੇਂ ਗ੍ਰੰਥਾਂ ਦੇ ਲੋਕ ਭਾਸ਼ਾ ਵਿਚ ਉਲੇਖੇ ਵੀ ਕੀਤੇ । ਨਵਾਂ ਸਾਹਿਤ ਅਤੇ ਕਵਿਤਾਵਾਂ ਰਚੀਆਂ।

**ਭਾਈ ਨੰਦ ਲਾਲ ਜੀ ਦਾ ਅਨੰਦਪੁਰ ਆਉਣਾ** :- ਭਾਈ ਨੰਦ ਲਾਲ ਦਾ ਜਨਮ 1633 ਈ. ਨੂੰ ਗਜ਼ਨੀ ਵਿਖੇ ਮੁਨਸ਼ੀ ਛੱਜੂ ਮੱਲ ਜੀ ਦੇ ਘਰ ਹੋਇਆ । ਪਿਤਾ ਦੀ ਮੌਤ ਪਿੱਛੋਂ ਆਪ ਆਪਣੇ ਦੋ ਛੋਟੇ ਭਰਾਵਾਂ ਸਮੇਤ ਮੁਲਤਾਨ (ਤਜਾਰਤੀ ਕੇਂਦਰ) ਆ ਗਏ । ਉਥੇ ਆਪ ਜੀ ਦੀ ਲਿਆਕਤ ਦੀ ਬਹੁਤ ਸੋਭਾ ਹੋਈ । ਉਥੇ ਹੀ ਆਪ ਜੀ ਦਾ ਇਕ ਸਿੱਖ ਘਰਾਣੇ ਦੀ ਲੜਕੀ ਨਾਲ ਵਿਆਹ ਹੋ ਗਿਆ, ਜਿਸ ਕਾਰਨ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋਈ ਤੇ ਉਹ ਅੰਮ੍ਰਿਤਸਰ ਦੇ ਦਰਸ਼ਨਾਂ ਤੋਂ ਬਾਅਦ ਅਨੰਦਪੁਰ ਸਾਹਿਬ ਜਾ ਪਹੁੰਚੇ।



## 13. ਮੁੜ ਜੰਗਾਂ ਦਾ ਦੌਰ ਅਰੰਭ :-

ਉਤੋਂ-ਉਤੋਂ ਤਾਂ ਪਹਾੜੀ ਰਾਜੇ ਮਿੱਤ੍ਰਤਾ ਰੱਖਦੇ ਸਨ ਅਤੇ ਸਿੱਧਾ ਲੜਨੋਂ ਡਰਦੇ ਸਨ ਪਰ ਵਿਚੋਂ ਗੁਰੂ ਜੀ ਦੇ ਵਿਰੋਧੀ ਸਨ । ਇਸ ਲਈ ਉਹ ਗੁਰੂ ਜੀ ਨਾਲ ਵਿਸਾਹ ਕੇ (ਧੋਖੇ ਨਾਲ) ਲੜਨਾ ਚਾਹੁੰਦੇ ਸਨ:-

**iv) ਸ਼ਿਕਾਰ ਖੇਡਦੇ ਗੁਰੂ ਜੀ 'ਤੇ ਅਚਾਨਕ ਹਮਲਾ**:- ਇਕ ਦਿਨ ਗੁਰੂ ਜੀ ਕੁਝ ਸਿੰਘਾਂ ਸਮੇਤ ਸ਼ਿਕਾਰ ਖੇਡ ਰਹੇ ਸਨ ਕਿ ਦੋ ਪਹਾੜੀ ਰਾਜਿਆਂ ਨੇ ਆਪਣੀਆਂ ਫੌਜਾਂ ਨਾਲ ਲੈ ਕੇ ਗੁਰੂ ਜੀ ਉੱਤੇ ਅਚਾਨਕ ਹੱਲਾ ਬੋਲ ਦਿੱਤਾ । ਘਮਸਾਣ ਦੀ ਲੜਾਈ ਹੋਈ । ਮੁੱਠੀ ਭਰ ਸਿੰਘਾਂ ਨੇ ਵੈਰੀਆਂ ਦੇ ਚੰਗੇ ਆਹੂ ਲਾਹੇ। ਇਕ ਰਾਜਾ ਮਾਰਿਆ ਗਿਆ ਅਤੇ ਦੂਜੇ ਦੀ ਬਾਂਹ ਵੱਢੀ ਗਈ । ਉਹ ਡਾਡਾਂ ਮਾਰਦਾ ਨੱਸ ਗਿਆ ਅਤੇ ਫੌਜ ਵੀ ਮਗਰੇ ਹਰਨ ਹੋ ਗਈ ।

**v) ਅਨੰਦਪੁਰ ਦੀ ਪਹਿਲੀ ਜੰਗ: 1699 ਈ. ਦਾ ਅੰਤ ਅਤੇ 1700 ਈ.:-**

ਸੂਬਾ ਸਰਹਿੰਦ ਨੇ, ਔਰੰਗਜੇਬ ਦੇ ਹੁਕਮ ਅਨੁਸਾਰ, ਦੀਨਾ ਬੇਗ਼ ਅਤੇ ਪੈਂਦੇ ਖਾਂ ਦੀ ਅਗਵਾਈ ਵਿਚ ਫੌਜ ਭੇਜੀ। 15 ਸਾਲ ਦੀ ਉਮਰ ਵਿਚ ਬਾਬਾ ਅਜੀਤ ਸਿੰਘ ਨੇ ਤਕਰੀਬਨ ਸਾਰੀ ਫੌਜ ਨੂੰ ਹੀ ਭਜਾ ਦਿੱਤਾ। ਇਹ ਵੇਖ ਪੈਂਦੇ ਖਾਂ ਅੱਗੇ ਵਧਿਆ ਅਤੇ ਗੁਰੂ ਜੀ ਨੂੰ ਲਲਕਾਰਿਆ। ਉਸਦਾ ਸਾਰਾ ਸਰੀਰ ਹੀ ਸੰਜੋਹ ਨਾਲ ਢੱਕਿਆ ਹੋਇਆ ਸੀ। ਸਿਰਫ ਕੰਨ ਹੀ ਨੰਗੇ ਸਨ। ਪੈਂਦੇ ਖਾਂ ਨੇ ਤੀਰ ਚਲਾਏ, ਜੋ ਗੁਰੂ ਜੀ ਤਕ ਪਹੁੰਚ ਹੀ ਨਾ ਸਕੇ। ਜਦ ਗੁਰੂ ਜੀ ਨੇ ਕੰਨ ਦਾ ਨਿਸ਼ਾਨਾ ਬੰਨ੍ਹ ਕੇ ਤੀਰ ਮਾਰਿਆ ਤਾਂ ਪੈਂਦੇ ਖਾਂ ਉਥੇ ਹੀ ਚਿੱਤ ਹੋ ਗਿਆ। ਦੀਨਾ ਬੇਗ਼ ਵੀ ਫੱਟੜ ਹੋਇਆ ਅਤੇ ਵਾਪਿਸ ਭੱਜ ਗਿਆ।

vi) **ਅਨੰਦਪੁਰ ਦੀ ਦੂਜੀ ਜੰਗ** :- ਪਹਾੜੀ ਰਾਜਿਆਂ ਨੇ ਗੁੱਜਰਾਂ ਤੇ ਰੰਘੜਾਂ ਦੀ ਮਦਦ ਲੈ ਕੇ ਅਨੰਦਪੁਰ 'ਤੇ ਹੱਲਾ ਬੋਲ ਦਿੱਤਾ। ਘੇਰਾ ਪਾਈ ਫੌਜ ਉੱਤੇ ਮਾਝੇ ਤੇ ਮਾਲਵੇ ਤੋਂ ਆ ਰਹੇ ਸਿੱਖਾਂ ਨੇ ਪਿੱਛੋਂ ਹੱਲਾ ਬੋਲਿਆ ਤਾਂ ਪਹਾੜੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਅੰਦਰੋਂ ਤੇ ਬਾਹਰੋਂ ਜਵਾਬੀ ਹੱਲਿਆਂ ਸਾਹਮਣੇ ਓਹ ਪਿੱਛੇ ਹੱਟ ਗਏ। ਅਗਲੇ ਦਿਨ ਫਿਰ ਘੇਰਾ ਪਾ ਲਿਆ ਅਤੇ ਅਨੰਦਪੁਰ ਕਿਲ੍ਹੇ ਦਾ ਮੁਖ-ਦਵਾਰ ਤੋੜਨ ਲਈ ਮਸਤ ਹਾਥੀ ਦੀ ਵਿਉਂਤ ਬਣਾਈ। ਗੁਰੂ ਜੀ ਨੇ ਭਾਈ ਮਨੀ ਸਿੰਘ ਦੇ ਸਪੁੱਤਰ ਭਾਈ ਬਚਿੱਤਰ ਸਿੰਘ ਨੂੰ ਨਾਗਣੀ ਤੇ ਥਾਪੀ ਦੇ ਕੇ ਕਿਲ੍ਹੇ ਦੇ ਮੁਖ-ਦਵਾਰ ਤੇ ਭੇਜ ਦਿੱਤਾ। ਜਦ ਮਸਤ ਹਾਥੀ ਅੱਗੇ ਵਧਿਆ ਤਾਂ ਭਾਈ ਜੀ ਫੁਰਤੀ ਨਾਲ ਘੋੜੇ ਨੂੰ ਭਜਾ ਕੇ ਹਾਥੀ ਪਾਸ ਲੈ ਗਿਆ ਅਤੇ ਉਸਦੇ ਮੱਥੇ ਵਿਚ ਐਸੀ ਨਾਗਣੀ ਖੋਭੀ ਕਿ ਹਾਥੀ ਚੀਕਦਾ-ਚਿਹਾੜਦਾ ਆਪਣੀਆਂ ਫੌਜਾਂ ਨੂੰ ਦਰੜਦਾ ਪਿੱਛੇ ਨੂੰ ਭੱਜ ਗਿਆ।

ਹੁਣ ਪਹਾੜੀਆਂ ਨੇ ਗਊ ਦੀ ਸਹੁੰ ਖਾ ਕੇ ਗੁਰੂ ਜੀ ਨੂੰ ਲਿਖਿਆ ਕਿ ਜੇ ਕੁਝ ਦਿਨਾਂ ਲਈ ਅਨੰਦਪੁਰ ਛੱਡ ਦਿਓ ਤਾਂ ਅਸੀਂ ਘੇਰਾ ਤੋੜ ਦਿਆਂਗੇ। ਗੁਰੂ ਜੀ ਅਨੰਦਪੁਰ ਛੱਡ ਕੇ ਤਿੰਨ ਮੀਲ ਦੂਰ ਪਿੰਡ ਨਿਰਮੋਹੀ ਕਿਲ੍ਹੇ ਵਿਚ ਚਲੇ ਗਏ।

vii) **ਨਿਰਮੋਹੀ ਦੀ ਜੰਗ** :- ਅਜੇ ਨਿਰਮੋਹੀ ਪੁੱਜੇ ਹੀ ਸਨ ਕਿ ਕਹਿਲੂਰ ਦੀਆਂ ਫੌਜਾਂ ਨੇ ਹੱਲਾ ਬੋਲ ਦਿੱਤਾ। ਇਸ ਲੜਾਈ ਵਿਚ ਸੂਬਾ ਸਰਹਿੰਦ ਵੀ ਆਪਣੀਆਂ ਫ਼ੌਜਾਂ ਲੈ ਕੇ ਆਇਆ ਹੋਇਆ ਸੀ। ਜਦੋਂ ਸਿੱਖ ਫੌਜਾਂ ਨੇ ਜਵਾਬੀ ਹੱਲਾ ਬੋਲਿਆ ਤਾਂ ਪਹਾੜੀਆਂ ਨੇ ਲੁੱਕ ਕੇ ਜਾਨ ਬਚਾਈ। ਸੂਬਾ ਸਰਹਿੰਦ ਨੇ ਵੀ ਸੋਚਿਆ ਕਿ ਗੁਰੂ ਜੀ 'ਤੇ ਕਾਬੂ ਪਾਉਣਾ ਇਤਨਾ ਸੌਖਾ ਨਹੀਂ, ਜਿਤਨਾ ਪਹਾੜੀ ਰਾਜੇ ਦੱਸਦੇ ਰਹੇ ਹਨ। ਉਸਨੇ ਇਹ ਹੀ ਸੋਚਿਆ ਕਿ ਵੱਡੀ ਫ਼ੌਜ ਲਿਆ ਕੇ ਅਨੰਦਪੁਰ 'ਤੇ ਕਬਜ਼ਾ ਕੀਤਾ ਜਾ ਸਕਦਾ ਹੈ।

viii) **ਬਸਾਲੀ ਦੀ ਜੰਗ** :- ਗੁਰੂ ਜੀ ਬਸਾਲੀ ਚਲੇ ਗਏ। ਬਸਾਲੀ ਦਾ ਰਾਜਾ ਗੁਰੂ ਜੀ ਦਾ ਸ਼ਰਧਾਲੂ ਸੀ। ਬਸਾਲੀ ਦੇ ਰਾਜੇ ਨੇ ਗੁਰੂ ਜੀ ਦਾ ਬੜਾ ਸਵਾਗਤ ਕੀਤਾ। ਜਿਸਦੇ ਕਾਰਨ ਪਹਾੜੀ ਰਾਜਿਆਂ ਨੂੰ ਬਹੁਤ ਗੁੱਸਾ ਆਇਆ। ਬਾਕੀ ਤਾਂ ਚੁੱਪ ਰਹੇ ਪਰ ਕਹਿਲੂਰ ਦੇ ਰਾਜੇ ਅਜਮੇਰ ਚੰਦ ਨੇ ਬਸਾਲੀ 'ਤੇ ਹੱਲਾ ਬੋਲ ਦਿੱਤਾ, ਪ੍ਰੰਤੂ ਜਦੋਂ ਗੁਰੂ ਜੀ ਦੇ ਸਿੰਘਾਂ ਨੇ ਜਵਾਬੀ ਹੱਲਾ ਬੋਲਿਆ ਤਾਂ ਕਹਿਲੂਰ ਦੇ ਰਾਜੇ ਨੇ ਹਾਰ ਮੰਨ ਲਈ।

**ix) ਰੋਪੜ ਵਿਖੇ ਗੁਰੂ ਜੀ 'ਤੇ ਅਚਾਨਕ ਹਮਲਾ**:- ਸੂਰਜ ਗ੍ਰਹਿਣ ਦੇ ਮੌਕੇ ਗੁਰੂ ਜੀ ਕੁਰੂਕਸ਼ੇਤਰ ਪਹੁੰਚੇ। ਕੁਰੂਕਸ਼ੇਤਰ ਤੋਂ ਆਪ ਲੱਖੀ ਜੰਗਲ ਪੁੱਜੇ। ਗੁਰੂ ਜੀ ਚਾਹੁੰਦੇ ਸਨ ਕਿ ਇਨ੍ਹਾਂ ਦੋਵਾਂ ਥਾਂਵਾਂ 'ਤੇ ਸੰਗਤਾਂ ਨੂੰ ਉਤਸ਼ਾਹਤ ਕੀਤਾ ਜਾਵੇ ਕਿਉਂਕਿ ਲੱਖੀ ਜੰਗਲ ਸਿੱਖ ਪੰਥ ਦਾ ਗੜ੍ਹ ਸੀ।

ਲੱਖੀ ਜੰਗਲ ਤੋਂ ਗੁਰੂ ਜੀ ਵਾਪਿਸ ਅਨੰਦਪੁਰ ਜਾ ਰਹੇ ਸਨ ਕਿ ਅਜਮੇਰ ਚੰਦ ਅਤੇ ਸੂਬਾ ਸਰਹਿੰਦ ਦੇ ਕਹਿਣ 'ਤੇ ਸੈਦ ਬੇਗ ਤੇ ਅਲਫ ਖਾਂ ਨੇ ਰੋਪੜ ਵਿਖੇ ਗੁਰੂ ਜੀ 'ਤੇ ਅਚਾਨਕ ਹੱਲਾ ਬੋਲ ਦਿੱਤਾ। ਕੁਝ ਚਿਰ ਡੱਟ ਕੇ ਲੜਾਈ ਹੋਈ ਪਰ ਸੈਦ ਬੇਗ ਛੇਤੀ ਹੀ ਗੁਰੂ ਜੀ ਦੀ ਸ਼ਰਨ ਆ ਗਿਆ ਅਤੇ ਅਲਫ ਖਾਂ ਮੈਦਾਨ ਛੱਡ ਕੇ ਭੱਜ ਗਿਆ।

**x) ਅਨੰਦਪੁਰ ਦੀ ਤੀਜੀ ਲੜਾਈ** :-ਪਹਾੜੀ ਰਾਜਿਆਂ ਦੀ ਬੇਨਤੀ 'ਤੇ ਔਰੰਗਜੇਬ ਨੇ ਸੈਦ ਖਾਂ ਜਰਨੈਲ ਨੂੰ ਅਨੰਦਪੁਰ 'ਤੇ ਹਮਲਾ ਕਰਨ ਲਈ ਭੇਜਿਆ। ਇਹ ਪੀਰ ਬੁੱਧੂ ਸ਼ਾਹ ਦਾ ਸਾਲਾ ਸੀ। ਪੀਰ ਬੁੱਧੂ ਸ਼ਾਹ ਅਤੇ ਉਸਦੀ ਪਤਨੀ ਨਸੀਰਾਂ, ਜੋ ਸੈਦ ਖਾਂ ਦੀ ਭੈਣ ਸੀ, ਨੇ ਸੈਦ ਖਾਂ ਨੂੰ ਸਮਝਾਇਆ ਕਿ ਅਨੰਦਪੁਰ 'ਤੇ ਹੱਲਾ ਨਾ ਕਰੇ। ਉਸਦੇ ਭਣੇਵਿਆਂ ਨੇ ਵੀ ਇਹੋ ਸਲਾਹ ਦਿੱਤੀ। ਸੈਦ ਖਾਂ ਦੇ ਦਿਲ ਵਿਚ ਆਈ ਕਿ ਜੇ ਗੁਰੂ ਅੰਤਰਜਾਮੀ ਹਨ ਤਾਂ ਉਸਨੂੰ ਬਗੈਰ ਹਥਿਆਰ



ਦੇ ਦਰਸ਼ਨ ਦੇਣ। ਐਨੇ ਨੂੰ ਗੁਰੂ ਜੀ ਘੋੜਾ ਦੌੜਾ ਕੇ ਸਿੱਧੇ ਸੈਦ ਖਾਂ ਪਾਸ ਪੁੱਜੇ। ਇਹ ਵੇਖ ਸੈਦ ਖਾਂ ਪੁਕਾਰ ਉੱਠਿਆ, "ਲੋਕੋ! ਰੱਬ ਆਇਆ ਹੈ, ਜਿਸਨੇ ਮੈਨੂੰ ਮਰਦੇ ਨੂੰ ਜਿਉਂਦਾ ਕਰ ਦਿੱਤਾ ਹੈ।" ਇਕ ਨਹੀਂ, ਕਈ ਜਰਨੈਲ ਗੁਰੂ ਜੀ ਦੀ ਸ਼ਰਨ ਆਏ।

ਅਗਲੇ ਸਾਲ 1703 ਈ. ਨੂੰ ਪ੍ਰਸਿੱਧ ਜਰਨੈਲ ਮੈਮੂ ਖਾਂ ਵੀ ਗੁਰੂ ਜੀ ਦੀ ਸ਼ਰਨ ਆ ਗਿਆ।

ਸੈਦ ਖਾਂ ਗੁਰੂ ਜੀ ਦੀ ਫੌਜ 'ਚ ਸ਼ਾਮਿਲ ਹੋਣਾ ਚਾਹੁੰਦਾ ਸੀ ਪਰ ਗੁਰੂ ਜੀ ਨੇ ਉਸਨੂੰ ਜ਼ਿੰਦਗੀ ਦੇ ਬਾਕੀ ਦਿਨ ਅੱਲਾਹ ਦੀ ਯਾਦ ਵਿਚ ਬਤੀਤ ਕਰਨ ਦਾ ਉਪਦੇਸ਼ ਦਿੱਤਾ। ਸੈਦ ਖਾਂ ਕਾਂਗੜੇ ਚਲਾ ਗਿਆ। ਜਦ ਗੁਰੂ ਜੀ ਦਮਦਮਾ ਪੁੱਜੇ ਤਾਂ ਉੱਥੇ ਪਹੁੰਚ ਗਿਆ ਅਤੇ ਨੰਦੇੜ ਤਕ ਗੁਰੂ ਜੀ ਦੇ ਨਾਲ ਹੀ ਰਿਹਾ।

xi) **ਅਨੰਦਪੁਰ ਦੀ ਆਖਰੀ ਲੜਾਈ** :- ਔਰੰਗਜੇਬ ਨੇ ਗੁਰੂ ਜੀ ਨੂੰ ਚਿੱਠੀ ਲਿਖੀ, "ਅਸੀਂ ਦੋਵੇਂ ਇਕ ਅੱਲਾਹ ਨੂੰ ਮੰਨਣ ਵਾਲੇ ਹਾਂ। ਤੁਸੀਂ ਆਓਗੇ ਤਾਂ ਤੁਹਾਨੂੰ ਫਕੀਰਾਂ ਵਾਲਾ ਆਦਰ ਦੇਵਾਂਗਾ। ਬਾਦਸ਼ਾਹੀ ਮੈਨੂੰ ਅੱਲਾਹ ਨੇ ਦਿੱਤੀ ਹੈ।" ਗੁਰੂ ਜੀ ਨੇ ਜਵਾਬ 'ਚ ਲਿਖਿਆ, "ਜਿਸਨੇ ਤੈਨੂੰ ਬਾਦਸ਼ਾਹੀ ਦਿੱਤੀ ਹੈ, ਉਸਨੇ ਮੈਨੂੰ ਭੇਜਿਆ ਹੈ। ਬਾਦਸ਼ਾਹੀ ਦਿੱਤੀ ਸੀ ਕਿ ਇਨਸਾਫ ਕਰੇਂ ਪਰ ਤੂੰ ਤਾਂ ਲੋਕਾਂ ਨੂੰ ਅੱਲਾਹ ਦੇ ਜਾਏ ਹੀ ਨਹੀਂ ਗਿਣਦਾ। ਤੇਰਾ-ਮੇਰਾ ਕੀ ਮੇਲ ਹੈ?"

ਵਾਰ-ਵਾਰ ਮਾਰਾਂ ਖਾਣ ਉਪਰੰਤ ਪਹਾੜੀਆਂ ਨੇ ਔਰੰਗਜ਼ੇਬ ਤੱਕ ਪਹੁੰਚ ਕਰਨ ਦੀ ਸੋਚੀ ਅਤੇ ਇਕ ਲੰਮੀਚੌੜੀ ਚਿੱਠੀ ਲਿਖੀ ਜਿਸ ਵਿਚ ਆਪਣੇ-ਆਪ ਨੂੰ ਹਕੂਮਤ ਦਾ ਵਫ਼ਾਦਾਰ ਅਤੇ ਗੁਰੂ ਜੀ ਨੂੰ ਸਰਕਾਰ, ਇਸਲਾਮ ਅਤੇ ਹਿੰਦੂ ਧਰਮ ਦਾ ਕੱਟੜ ਵਿਰੋਧੀ ਦੱਸਿਆ। ਔਰੰਗਜ਼ੇਬ ਨੇ ਸੂਬਾ ਲਾਹੌਰ ਅਤੇ ਸੂਬਾ ਸਰਹੰਦ ਨੂੰ ਹੁਕਮ ਭੇਜਿਆ ਕਿ ਗੁਰੂ ਜੀ ਨੂੰ ਹਰਾ ਦੇਣ ਤੱਕ ਜੰਗ ਜਾਰੀ ਰੱਖੀ ਜਾਵੇ । ਸਿੱਖ ਫੌਜ ਉਸ ਵੇਲੇ ਦੱਸ ਕੁ ਹਜ਼ਾਰ ਸੀ, ਜਦ ਕਿ ਸਰਕਾਰੀ ਫੌਜ, ਪਹਾੜੀ ਫੌਜ, ਗੁੱਜਰ ਅਤੇ ਰੰਘੜ ਲੱਖਾਂ ਦੀ ਗਿਣਤੀ ਵਿਚ ਸਨ ।

ਗੁਰੂ ਜੀ ਦੀ ਫੌਜ ਨੇ ਹਰ ਹਮਲੇ ਦਾ ਮੂੰਹ-ਤੋੜ ਜਵਾਬ ਦਿੱਤਾ । ਅਖੀਰ ਪਹਾੜੀਆਂ ਨੇ ਗੁਰੂ ਜੀ ਅੱਗੇ ਗਊ ਦੀਆਂ ਸਹੁੰਆਂ ਖਾਧੀਆਂ ਅਤੇ ਬਾਦਸ਼ਾਹ ਵੱਲੋਂ ਕੁਰਾਨ ਸ਼ਰੀਫ ਦੀਆਂ ਸਹੁੰਆਂ ਖਾਧੀਆਂ ਗਈਆਂ ਕਿ "ਜੇ ਤੁਸੀਂ ਕਿਲ੍ਹਾ ਛੱਡਕੇ ਚਲੇ ਜਾਓ ਤਾਂ ਤੁਹਾਨੂੰ ਕੋਈ ਦੁਖ-ਤਕਲੀਫ ਨਹੀਂ ਦਿੱਤੀ ਜਾਵੇਗੀ। ਹੁਣ ਤੱਕ ਗੁਰੂ ਜੀ ਦੇ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਚੁਕੇ ਸਨ ਅਤੇ ਬਾਕੀ ਭੁੱਖ, ਤੇਹ ਤੋਂ ਦੁਖੀ ਸਨ ।

ਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ ਕਿ ਪਹਾੜੀਆਂ ਅਤੇ ਤੁਰਕਾਂ ਦੀਆਂ ਕਸਮਾਂ ਦਾ ਇਤਬਾਰ ਨਹੀਂ ਕਰਨਾ ਚਾਹੀਦਾ। ਇਨ੍ਹਾਂ ਦੇ ਮਨ ਸਾਫ

ਨਹੀਂ ਹਨ। ਪਰ, ਤਿੰਨ ਸਾਲਾਂ ਤੋਂ ਲਗਾਤਾਰ ਯੁੱਧਾਂ ਅਤੇ ਭੁੱਖ, ਤੇਹ ਤੋਂ ਤੰਗ ਆਏ ਸਿੰਘਾਂ ਨੇ ਗੁਰੂ ਜੀ ਨੂੰ ਕਿਲ੍ਹਾ ਛੱਡਣ ਲਈ ਮਜਬੂਰ ਕੀਤਾ। ਗੁਰੂ ਜੀ ਨੇ ਆਖਿਆ, "ਜਿਹੜੇ ਜਾਣਾ ਚਾਹੁੰਦੇ ਹਨ ਚਲੇ ਜਾਓ ਪਰ ਬੇਦਾਵਾ ਲਿਖ ਕੇ ਦੇ ਜਾਓ।" ਕੁਝ ਸਿੰਘ, "ਨਾ ਤੁਸੀਂ ਸਾਡੇ ਗੁਰੂ ਅਤੇ ਨਾਂ ਅਸੀਂ ਤੁਹਾਡੇ ਸਿੱਖ", ਲਿਖਕੇ ਦੇ ਗਏ ਅਤੇ ਘਰਾਂ ਨੂੰ ਚਲੇ ਗਏ।

ਕੁਝ ਦਿਨ ਹੋਰ ਲੜਾਈ ਚਾਲੂ ਰਹਿਣ ਮਗਰੋਂ ਸਾਰੇ ਸਿੱਖ ਕਿਲ੍ਹਾ ਛੱਡਣ ਦੇ ਹੱਕ ਵਿਚ ਹੋ ਗਏ। ਅੰਤ 20 ਦਸੰਬਰ 1704 ਨੂੰ ਭਾਈ ਗੁਰਬਖ਼ਸ਼ ਸਿੰਘ ਉਦਾਸੀ ਨੂੰ ਗੁਰ-ਅਸਥਾਨਾਂ ਦੀ ਸੇਵਾ ਸੌਂਪ ਕੇ ਗੁਰੂ ਜੀ ਨੇ ਅੱਧੀ ਰਾਤ ਨੂੰ ਕਿਲ੍ਹਾ ਖਾਲੀ ਕਰ ਦਿੱਤਾ ਅਤੇ ਰੋਪੜ ਵੱਲ ਚਾਲੇ ਪਾ ਦਿੱਤੇ।

**xii) ਸਰਸਾ ਦਾ ਯੁੱਧ** :- ਪਹਾੜੀਆਂ ਅਤੇ ਤੁਰਕਾਂ ਨੇ ਕਸਮਾਂ ਤੋੜਕੇ ਗੁਰੂ ਜੀ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਸਰਸਾ ਨਦੀ ਦੇ ਨੇੜੇ ਪੁੱਜਦਿਆਂ ਫੱਸਵੀਂ ਲੜਾਈ ਹੋਈ। ਇਸ ਰੌਲੇ-ਗੌਲੇ ਅਤੇ ਰਾਤ ਦੇ ਹਨੇਰੇ ਵਿਚ ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਵਿਛੜ ਗਏ। (ਇਸ ਥਾਂ ਤੇ ਇਸ ਭਿਆਨਕ ਘਟਨਾ ਦੀ ਯਾਦ ਵਿਚ ਗੁਰਦੁਆਰਾ ਪਰਿਵਾਰ ਵਿਛੋੜਾ ਸੁਸ਼ੋਭਿਤ ਹੈ।)

ਦੁਨੀਆ ਦੇ ਇਤਿਹਾਸ ਵਿਚ ਇਸ ਦਰਦਨਾਕ ਘਟਨਾ ਦੀ ਇਹ ਵਿਸ਼ੇਸ਼ਤਾ ਹੈ ਕਿ ਇਕ ਪਾਸੇ ਤਾਂ ਗੁਰੂ ਸਾਹਿਬ ਨੇ ਬਾਬਾ ਅਜੀਤ ਸਿੰਘ, ਭਾਈ ਜੀਵਨ ਸਿੰਘ (ਭਾਈ ਜੈਤਾ), ਭਾਈ ਉਦੈ ਸਿੰਘ ਅਤੇ ਕੁਝ ਹੋਰ ਸਿੰਘਾ ਨੂੰ ਵੈਰੀਆਂ ਦਾ ਟਾਕਰਾ ਕਰਨ ਦਾ ਹੁਕਮ ਕੀਤਾ; ਦੂਜੇ ਪਾਸੇ ਭਾਈ ਦਇਆ ਸਿੰਘ ਆਦਿ ਨੂੰ "ਆਸਾ ਦੀ ਵਾਰ" ਦਾ ਕੀਰਤਨ ਕਰਨ ਲਈ ਆਖਿਆ। ਅਜਿਹਾ ਕੇਵਲ ਦਸ਼ਮੇਸ਼ ਜੀ ਹੀ ਕਰ ਸਕਦੇ ਸਨ ਜੋ ਦੁਨੀਆ ਦੇ ਇਤਿਹਾਸ ਵਿਚ ਇੱਕੋ-ਇਕ ਅਲੌਕਿਕ ਘਟਨਾ ਹੈ। ਇਸ ਯੁੱਧ ਵਿਚ ਭਾਵੇਂ ਸੈਂਕੜੇ ਬਹਾਦਰ ਸਿੰਘਾਂ ਸਮੇਤ ਭਾਈ ਜੀਵਨ ਸਿੰਘ ਅਤੇ ਭਾਈ ਉਦੇ ਸਿੰਘ ਸ਼ਹੀਦ ਹੋ ਗਏ ਸਨ ਪਰ ਇਨ੍ਹਾਂ ਸੂਰਬੀਰਾਂ ਨੇ ਵਿਰੋਧੀ ਸੈਨਾ ਦੇ ਦੰਦ ਬੁਰੀ ਤਰ੍ਹਾਂ ਖੱਟੇ ਕਰ ਦਿੱਤੇ ਸਨ।

ਸਰਸਾ ਵਿਚ ਹੜ੍ਹ ਆਇਆ ਹੋਇਆ ਸੀ ਜਿਸ ਕਾਰਨ ਬਹੁਤ ਸਾਰਾ ਸਾਮਾਨ ਅਤੇ ਸਾਹਿਤ (ਕਾਵਿ ਗ੍ਰੰਥ ਆਦਿ) ਉਸ ਵਿਚ ਰੁੜ੍ਹ ਗਿਆ । ਸਰਸਾ ਪਾਰ ਕਰਕੇ ਗੁਰੂ ਜੀ ਨੇ ਇਕ ਦਿਨ ਰੋਪੜ ਦੇ ਲਾਗੇ ਨਿਹੰਗ ਖਾਂ ਦੀ ਗੜ੍ਹੀ ਵਿਚ ਬਿਤਾਇਆ।ਮਾਤਾ ਸੁੰਦਰੀ ਜੀ ਅਤ ਮਾਤਾ ਸਾਹਿਬ ਕੌਰ ਜੀ ਨੂੰ ਭਾਈ ਮਨੀ ਸਿੰਘ ਦੇ ਨਾਲ ਦਿੱਲੀ ਭੇਜ ਦਿੱਤਾ।

**xiii) ਚਮਕੌਰ ਦਾ ਯੁੱਧ**:- 21 ਦਸੰਬਰ ਨੂੰ ਰੋਪੜ ਤੋਂ ਗੁਰੂ ਜੀ ਚਮਕੌਰ ਵੱਲ ਗਏ । ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ 40 ਸਿੰਘ ਉਨ੍ਹਾਂ ਦੇ ਨਾਲ ਸਨ । ਵੈਰੀ ਵੀ ਪਿੱਛੇ-ਪਿੱਛੇ ਹੀ ਆ ਰਿਹਾ ਸੀ, ਜਿਨ੍ਹਾਂ ਦੀ ਗਿਣਤੀ ਲਗ-ਭਗ ਦਸ ਲੱਖ ਸੀ ।



ਚਮਕੌਰ ਪੁੱਜ ਕੇ ਉਨ੍ਹਾਂ ਨੇ ਇਕ ਕੱਚੀ ਗੜ੍ਹੀ ਮੱਲ ਲਈ ਅਤੇ ਮੁੱਠੀ ਭਰ ਸਿੰਘਾਂ ਨੂੰ ਮੋਰਚੇ ਸੰਭਾਲ ਦਿੱਤੇ। 22 ਦਸੰਬਰ 1704 ਨੂੰ ਭੁੱਖੇ-ਭਾਣੇ ਅਤੇ ਥੱਕੇ-ਟੁੱਟੇ ਸਿੰਘਾਂ ਨੇ ਬੜੀ ਸੂਰਮਗਤੀ ਨਾਲ ਇਹ ਜੰਗ ਲੜੀ ਜਿਸ ਵਿਚ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਅਤੇ ਕਾਫੀ ਹੋਰ ਸਿੰਘ ਸ਼ਹੀਦ ਹੋ ਗਏ । ਸਿਰਫ ਪੰਜ ਸਿੰਘ ਹੀ ਬਚੇ, ਜਿਨ੍ਹਾਂ ਨੇ ਗੁਰਮਤਾ ਕਰਕੇ ਗੁਰੂ ਜੀ ਨੂੰ ਬੇਨਤੀ ਕੀਤੀ, "ਤੁਸੀਂ ਹੁਣ ਚਲੇ ਜਾਓ । ਆਪ ਜੀ ਵੱਲੋਂ ਬਖ਼ਸ਼ਿਸ਼ ਕੀਤੇ ਅਧਿਕਾਰ ਅਨੁਸਾਰ, ਅਸੀਂ ਪੰਜ ਪਿਆਰਿਆਂ ਦੀ ਹੈਸੀਅਤ ਵਿਚ ਹੁਕਮ ਕਰਦੇ ਹਾਂ । ਹਜ਼ੂਰ ਦੇ ਨਾਲ ਹੀ ਪੰਥ ਜੀਉਂਦਾ ਹੈ । ਆਪ ਇਸ ਨੂੰ ਮੁੜ ਪਰਫੁੱਲਤ ਕਰ ਸਕੋਗੇ ।"

ਗੁਰੂ ਜੀ ਨੇ ਪੰਥ ਦਾ ਹੁਕਮ ਪਰਵਾਨ ਕੀਤਾ । ਪੰਜਾਂ ਸਿੰਘਾਂ ਨੂੰ ਆਪਣੇ ਆਸਣ 'ਤੇ ਬਿਠਾਇਆ । ਆਪਣੀ ਕਲਗ਼ੀ ਤੇ ਤੁਰਹਾ ਭਾਈ ਸੰਗਤ ਸਿੰਘ ਨੂੰ ਪਹਿਨਾਇਆ । ਫਿਰ ਪੰਜਾਂ ਦੀ ਪਰਦੱਖਣਾ ਕੀਤੀ ਤੇ ਮੱਥਾ ਟੇਕਿਆ । ਇੰਜ, ਪੰਥ ਨੂੰ ਗੁਰੁਤਾ ਬਖ਼ਸ਼ੀ ।

**ਦਯਾ ਸਿੰਘ ਅਤੇ ਧਰਮ ਸਿੰਘ ਜੀ, ਮਾਨ ਸਿੰਘ ਤੀਜੇ ਬਹੁ ਬੀਰ।**
**ਸੰਗਤ ਸਿੰਘ, ਸੰਤ ਸਿੰਘ ਪੰਚਮ, ਤਿਨਹੂੰ ਬਿਠਾਯੋ ਦੇ ਕਰ ਧੀਰ।**
**ਗੁਤਾ ਅਰਪਨ ਲਗੇ ਖਾਲਸਾ, ਪੰਚ ਸਿੰਘ ਤਹਿ ਸੋਹਿੰ ਸਰੀਰ।**
**'ਪੰਚਹੁ' ਮੈ ਨਿਤ ਵਰਤਤ ਮੈ ਹੋ, ਪੰਚ ਮਿਲਹਿ ਸੇ ਪੀਰਨ ਪੀਰ।...**
**ਇਮ ਪਾਂਚਨ ਕੀ ਮਹਿਮਾ ਫਿਰ ਕਰਕੇ, ਤੀਨ ਪਰਿਕਰਮ ਫਿਰ ਕਰ ਦੀਨ।**
**ਅਰਪੇ ਸ਼ਸਤ੍ਰ ਜਿਗਾ ਅਰੁ ਕਲਗੀ, ਨਿਜ ਕਰ ਤੇ ਸਿਰ ਬੰਧਨ ਕੀਨ।**
**ਸ਼ਸਤਰ ਗਾਤਰੇ ਤਬ ਪਹਿਨਾਏ, ਕਰਿ ਕਸਾਇ ਕਰ ਬਿਲੰਧ ਬਹੀਨ।**
**ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਫਤ ਵਾਹਿਗੁਰੂ ਜੀ ਕੀ ਚੀਨ।**

ਫਿਰ ਤਾੜੀ ਮਾਰਕੇ ਅਤੇ ਉੱਚੀ ਆਵਾਜ਼ ਵਿਚ '**ਗੁਰੂ ਚੱਲਿਆ ਜੇ**' ਕਹਿਕੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨੂੰ ਨਾਲ ਲੈ ਕੇ ਗੜ੍ਹੀ 'ਚੋ ਨਿਕਲ ਗਏ । ਪਰ ਹਨੇਰੇ ਵਿਚ ਇਹ ਤਿੰਨੇ ਆਪ ਜੀ ਤੋਂ ਵੱਖ ਹੋ ਗਏ । ਭਾਈ ਸੰਤ ਸਿੰਘ ਭਾਈ ਸੰਗਤ ਸਿੰਘ ਦੇ ਨਾਲ ਹੀ ਗੜ੍ਹੀ ਵਿਚ ਰਹੇ ਸਨ ।

ਸਾਹਿਬਜਾਦਿਆਂ ਨੂੰ ਅਕੀਦਤ (ਸ਼ਰਧਾ) ਦੇ ਫੁੱਲ ਭੇਟ ਕਰਦਿਆਂ ਹਕੀਮ ਅੱਲਾਹ ਯਾਰ ਖਾਂ ਜੋਗੀ ਲਿਖਦੇ ਹਨ

**ਬਸ ਏਕ ਤੀਰਥ ਹੈ ਹਿੰਦ ਮੇਂ ਯਾਤਰਾ ਕੇ ਲੀਏ ।**
**ਕਟਾਏ ਬਾਪ ਨੇ ਬੱਚੇ ਯਹਾਂ ਖੁਦਾ ਕੇ ਲੀਏ ।**

ਦਿਨ ਚੜ੍ਹਦੇ ਨਾਲ ਆਪ ਪਿੰਡ ਕਿੜੀ ਪੁੱਜੇ । ਓਥੇ ਦੋ ਗੁੱਜਰ—ਅਲਫੂ ਤੇ ਗਾਮੂ—ਆਪ ਜੀ ਨੂੰ ਪਛਾਣ ਕੇ ਰੌਲਾ ਪਾਉਣ ਲੱਗੇ। ਆਪ ਜੀ ਨੇ ਦੋਵਾਂ ਨੂੰ ਹੀ ਪਾਰ ਬੁਲਾ ਦਿੱਤਾ। ਓਥੋਂ ਰਾਤੋ-ਰਾਤ ਚੱਲਕੇ ਗੁਰੂ ਜੀ ਮਾਛੀਵਾੜੇ ਦੇ ਇਕ ਬਾਗ ਵਿਚ ਪੁੱਜ ਗਏ ।

ਕਿਉਂਕਿ ਆਪ ਜੀ ਸਫਰ ਰਾਤ ਨੂੰ ਹੀ ਕਰਦੇ ਸਨ ਅਤੇ ਇਲਾਕਾ ਜੰਗਲੀ (ਮਲ੍ਹਿਆਂ, ਝਾੜੀਆਂ ਵਾਲਾ) ਸੀ, ਆਪ ਜੀ ਦੇ ਕਪੜੇ ਪਾਟੇ ਹੋਏ ਸਨ, ਪੈਰ ਕੰਡਿਆਂ ਅਤੇ ਛਾਲਿਆਂ ਨਾਲ ਲਹੂ-ਲੁਹਾਨ ਹੋਏ ਪਏ ਸਨ, ਕਈ ਦਿਨਾਂ ਦੀ ਭੁੱਖ ਅਤੇ ਥਕੇਵੇਂ ਨਾਲ ਸਰੀਰ ਨਿਢਾਲ ਸੀ (ਅੱਕਾਂ ਦੀਆਂ ਕੂੰਬਲੀਆਂ ਹੀ ਤਾਂ ਖਾਣ ਨੂੰ ਮਿਲਦੀਆਂ ਸਨ), ਉੱਤੋਂ ਕੜਾਕੇ ਦੀ ਠੰਢ, ਪਰ ਮਨ ਚੜ੍ਹਦੀ ਕਲਾ ਵਿਚ ਅਤੇ ਇਰਾਦਾ ਅਡੋਲ ਸੀ । ਆਪ ਸੌਂਦੇ ਤਾਂ ਹੱਥ ਵਿਚ ਤਲਵਾਰ ਸੂਤੀ ਹੁੰਦੀ । ਇਸ ਕਰੜੇ ਸਮੇਂ ਵਿਚ ਵੀ ਆਪ ਜੀ ਦੀ ਉੱਚੀ ਅਵਸਥਾ ਦਾ ਪਤਾ ਇਸ ਸ਼ਬਦ ਤੋਂ ਲਗਦਾ ਜੋ ਆਪ ਜੀ ਨੇ ਮਾਛੀਵਾੜੇ ਹੀ ਉਚਾਰਿਆ ਸੀ :-

**ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥**
**ਤੁਧ ਬਿਨ ਰੋਗ ਰਜਾਈਆਂ ਦਾ ਓਢਣ, ਨਾਗ ਨਿਵਾਸਾਂ ਦੇ ਰਹਣਾ ॥**
**ਸੂਲ ਸੁਰਾਹੀ ਖੰਜਰ ਪਿਯਾਲਾ, ਬਿੰਗ ਕਸਾਈਆਂ ਦਾ ਸਹਣਾ ॥**
**ਯਾਰੜੇ ਦਾ ਸਾਨੂੰ ਸਥਰੁ ਚੰਗਾ, ਭੱਠ ਖੇੜਿਆਂ ਦਾ ਰਹਿਣਾ॥**

ਖਿਆਲ ਪਾ:੧੦

ਮਾਛੀਵਾੜੇ ਬਾਗ਼ ਵਿਚ ਹੀ ਆਪ ਜੀ ਨੂੰ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਮਿਲ ਪਏ ਸਨ । ਇਹ ਬਾਗ਼ ਭਾਈ ਪੰਜਾਬੇ ਅਤੇ ਭਾਈ ਗੁਲਾਬੇ ਮਸੰਦ ਦਾ ਸੀ। ਉਸਨੇ ਆਪ ਜੀ ਨੂੰ ਆਪਣੇ ਘਰ ਚੁਬਾਰੇ ਵਿਚ ਠਹਿਰਾਇਆ ਅਤੇ ਕਈ ਦਿਨ ਸੇਵਾ ਕੀਤੀ। ਏਥੋਂ ਦੇ ਹੀ ਵਸਨੀਕ ਦੋ ਭਰਾਵਾਂ ਗ਼ਨੀ ਖਾਂ ਤੇ ਨਬੀ ਖਾਂ ਨੂੰ ਗੁਰੂ ਜੀ ਨਾਲ ਵਾਪਰੀ ਸਾਰੀ ਘਟਨਾ ਦਾ ਪਤਾ ਲੱਗਾ। ਉਨ੍ਹਾਂ ਗੁਰੂ ਜੀ ਪਾਸ ਨੌਕਰੀ ਕੀਤੀ ਹੋਈ ਸੀ ਅਤੇ ਬੜੇ ਸ਼ਰਧਾਲੂ ਸਨ । ਉਨ੍ਹਾਂ ਨੇ ਗੁਰੂ ਜੀ ਨੂੰ ਕਿਸੇ ਸੁਰਖਿਅਤ ਥਾਂ 'ਤੇ ਪਹੁੰਚਾਣ ਦੀ ਸਕੀਮ ਬਣਾਈ ਜੋ ਗੁਰੂ ਜੀ ਨੇ ਪਰਵਾਨ ਕਰ ਲਈ।

ਸਕੀਮ ਅਨੁਸਾਰ ਗੁਰੂ ਜੀ ਨੇ ਨੀਲੇ ਬਸਤਰ ਪਾ ਲਏ, ਵਾਲ ਪਿੱਛੇ ਨੂੰ ਸੁੱਟ ਲਏ ਅਤੇ ਪਾਲਕੀ ਵਿਚ ਬੈਠ ਗਏ । ਪਾਲਕੀ ਭਾਈ ਗ਼ਨੀ ਖਾਂ, ਭਾਈ ਨਬੀ ਖਾਂ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨੇ ਚੁੱਕ ਲਈ ਅਤੇ ਭਾਈ ਦਇਆ ਸਿੰਘ ਪਿੱਛੇ ਚੌਰ ਕਰਦੇ ਜਾ ਰਹੇ ਸੀ । ਰਾਹ ਵਿਚ ਗੁਰੂ ਜੀ ਦੀ ਭਾਲ ਕਰ ਰਹੀ ਗਸ਼ਤੀ ਫੌਜ ਟੱਕਰ ਗਈ । ਉਨ੍ਹਾਂ ਦੀ ਪੂਰੀ ਤੱਸਲੀ ਕੀਤੀ ਗਈ



ਫਿਰ ਵੀ ਫੌਜ ਦੇ ਅਫ਼ਸਰ ਨੇ ਸਲੋਹ ਵਾਲੇ ਕਾਜ਼ੀ ਪੀਰ ਮੁਹੰਮਦ ਨੂੰ ਬੁਲਵਾਇਆ (ਉਸ ਕੋਲੋਂ ਬਚਪਨ ਵਿਚ ਗੁਰੂ ਜੀ ਨੇ ਅਰਬੀ, ਫਾਰਸੀ ਅਤੇ ਕੁਰਾਨ ਸ਼ਰੀਫ਼ ਪੜ੍ਹੇ ਸਨ)। ਉਸਨੇ ਕਹਿ ਦਿੱਤਾ, "ਇਨ੍ਹਾਂ ਮਹਾਂਪੁਰਸ਼ਾਂ ਨੂੰ ਨਾ ਰੋਕੋ, ਇਹ ਸੱਚੇ ਸਾਂਈ ਨੂੰ ਪੁੱਜੇ ਹੋਏ ਉੱਚ ਦੇ ਪੀਰ ਹਨ।" ਤਾਂ ਕਿਤੇ ਫੌਜ ਨੇ ਖਹਿੜਾ ਛੱਡਿਆ। ਇਸ ਤਰ੍ਹਾਂ ਹੇਹਰ, ਜ਼ਿਲਾ:ਲੁਧਿਆਣਾ ਪੁੱਜੇ ਜਿੱਥੇ ਮਹੰਤ ਕਿਰਪਾਲ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ (ਇਸ ਸੂਰਬੀਰ ਉਦਾਸੀ ਸਾਧੂ ਨੇ ਭੰਗਾਣੀ ਦੇ ਯੁੱਧ ਵਿਚ ਹੱਯਾਤ ਖਾਂ ਸਰਦਾਰ ਨੂੰ ਮਾਰਿਆ ਸੀ) ਇਥੋਂ ਗੁਰੁ ਜੀ ਨੇ ਗ਼ਨੀ ਖਾਂ ਤੇ ਨਬੀ ਖਾਂ ਨੂੰ ਦੋ ਸੋਨੇ ਦੇ ਕੜੇ ਅਤੇ ਹੁਕਮਨਾਮਾ ਦੇ ਕੇ ਵਾਪਸ ਮੋੜਿਆ, ਜਿਸ ਵਿਚ ਲਿਖਿਆ ਹੈ, "**ਗ਼ਨੀ ਖਾਂ ਅਤੇ ਨਬੀ ਖਾਂ ਸਾਨੂੰ ਪੁੱਤਰਾਂ ਨਾਲੋਂ ਵੱਧ ਪਿਆਰੇ ਹਨ।**"

ਉੱਚ ਦੇ ਪੀਰ ਦੇ ਭੇਸ ਵਿਚ ਆਪ ਜੱਟਪੁਰੇ ਪੁੱਜੇ । ਇਥੋਂ ਰਾਇਕੋਟ ਦਾ ਚੌਧਰੀ ਰਾਇ ਕਲ੍ਹਾ ਆਪ ਜੀ ਨੂੰ ਆਪਣੇ ਘਰ ਲੈ ਗਿਆ । ਸਾਰਾ ਹਾਲ ਸੁਣਿਆ ਅਤੇ ਹਰ ਕਿਸਮ ਦੀ ਸੇਵਾ ਲਈ ਜਾਚਨਾ ਕੀਤੀ । ਨੂਰੇ ਮਾਹੀ (ਚਰਵਾਹੇ) ਨੂੰ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਪਤਾ ਕਰਨ ਲਈ ਸਰਹੰਦ ਭੇਜਿਆ । ਉਸਨੇ ਵਾਪਸ ਆ ਕੇ ਸਾਰਾ ਹਾਲ ਸੁਣਾਇਆ ।

**ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ:-** ਸਰਸਾ ਪਾਰ ਕਰਨ ਸਮੇਂ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦੇ ਨਿੱਖੜ ਗਏ ਅਤੇ ਉਨ੍ਹਾਂ ਨੇ ਇਕ ਰਾਤ ਕੁੰਮੇ ਮਾਸ਼ਕੀ ਕੋਲ ਕੱਟੀ । ਉਥੇ ਗੁਰੂ-ਘਰ ਦਾ ਰਸੋਈਆ ਗੰਗੂ ਬ੍ਰਾਹਮਣ ਮਿਲਿਆ ਜੋ ਉਨ੍ਹਾਂ ਨੂੰ ਆਪਣੇ ਘਰ, ਪਿੰਡ ਖੇੜੀ (ਸਹੇੜੀ) ਲੈ ਗਿਆ। ਰਾਤ ਵੇਲੇ ਉਸ ਬੇਈਮਾਨ ਨੇ ਮਾਤਾ ਜੀ ਦਾ ਸਾਰਾ ਧਨ-ਮਾਲ ਚੋਰੀ ਕਰ ਲਿਆ ਅਤੇ ਚੋਰ-ਚੋਰ ਦਾ ਰੌਲਾ ਪਾ ਦਿਤਾ। ਮਾਤਾ ਜੀ ਨੇ ਚੁੱਪ ਕਰਨ ਬਾਰੇ ਬਹੁਤ ਸਮਝਾਇਆ ਪਰ ਉਸਨੇ ਮੋਰਿੰਡੇ ਦੇ ਕੋਤਵਾਲ ਨੂੰ ਖਬਰ ਕਰ ਦਿਤੀ ਜਿਸਨੇ ਤਿੰਨਾਂ ਨੂੰ ਸਰਹਿੰਦ ਦੇ ਨਵਾਬ ਪਾਸ ਪਹੁੰਚਾ ਦਿਤਾ । ਰਸਤੇ ਵਿਚ ਮਾਤਾ ਜੀ ਨੇ ਗੰਗੂ ਨੂੰ ਆਖਿਆ, "*ਜਿਸ ਧਨ ਕਾਰਨ ਤੂੰ ਇਹ ਪਾਪ ਕਰ ਰਿਹਾ ਹੈਂ, ਏਹੋ ਹੀ ਤੇਰੀ ਮੌਤ ਦਾ ਕਾਰਨ ਬਣੇਗਾ" ਸਰਹਿੰਦ ਵਿਖੇ ਨਵਾਬ ਨੇ ਉਨ੍ਹਾਂ ਤਿੰਨਾਂ ਨੂੰ ਕਿਲ੍ਹੇ ਵਿਚ ਸਥਿਤ ਠੰਢੇ ਬੁਰਜ ਵਿਚ ਬੰਦ ਕਰਵਾ ਦਿੱਤਾ।

---

*ਇਹ ਗੱਲ ਮੋਰਿੰਡੇ ਦੇ ਚੋਧਰੀਆਂ, ਜਾਨੀ ਖਾਂ ਅਤੇ ਮਾਨੀ ਖਾਂ, ਨੇ ਸੂਬਾ ਸਰਹਿੰਦ ਦੇ ਕੰਨੀਂ ਪਾ ਦਿਤੀ ਕਿ ਮਾਤਾ ਜੀ ਕੋਲ ਧਨ ਦੀ ਖੁਰਜੀ ਸੀ । ਸੂਬਾ ਸਰਹਿੰਦ ਨੇ ਇਹ ਧਨ ਸਰਕਾਰੀ ਖਜਾਨੇ ਵਿਚ ਜਮ੍ਹਾਂ ਕਰਾਉਣ ਦਾ ਹੁਕਮ ਦੇ ਦਿਤਾ । ਜਦੋਂ ਗੰਗੂ ਤੋਂ ਇਸ ਬਾਰੇ ਪੁਛ-ਪੜਤਾਲ ਕੀਤੀ ਗਈ ਤਾਂ ਉਹ ਮੁੱਕਰ ਗਿਆ ਕਿ ਉਸ ਪਾਸ ਕੋਈ ਧਨ ਆਦਿ ਨਹੀਂ ਹੈ ਪ੍ਰੰਤੂ ਸਰਕਾਰੀ ਜਬਰ ਕਾਰਨ ਉਹ ਐਸਾ ਬੌਂਦਲ ਗਿਆ ਕਿ ਜਿਥੇ ਉਸਨੇ ਧਨ ਦਬਿਆ ਸੀ, ਉਹ ਥਾਂ ਦੱਸ ਨਾ ਸੱਕਿਆ ਅਤੇ ਕੁੱਟ ਦਾ ਮਾਰਿਆ ਦਮ ਤੋੜ ਗਿਆ ।

24 ਦਸੰਬਰ, 1704 ਈ. ਨੂੰ ਦੋਵਾਂ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ । ਦੋਵਾਂ ਨੇ ਗੱਜਕੇ ਫਤਹਿ ਬੁਲਾਈ । ਸੂਬੇ ਨੇ ਆਖਿਆ: "ਤੁਹਾਡਾ ਪਿਤਾ ਅਤੇ ਦੋਵੇਂ ਭਰਾ ਮਾਰੇ ਜਾ ਚੁਕੇ ਹਨ । ਤੁਸੀਂ ਜਾਨਾਂ ਬਚਾ ਸਕਦੇ ਹੋ ਅਤੇ ਉੱਚੇ ਰੁਤਬੇ ਵੀ ਪਾ ਸਕਦੇ ਹੋ, ਜੇ ਮੁਸਲਮਾਨ ਬਣ ਜਾਓ । ਜੇ ਨਾ ਮੰਨੇ ਤਾਂ ਬੁਰੀ ਤਰ੍ਹਾਂ ਮਾਰ ਦਿੱਤੇ ਜਾਓਗੇ ।" ਦੋਵਾਂ ਦਾ ਦਲੇਰੀ ਭਰਿਆ ਜਵਾਬ ਸੀ: "ਅਸੀਂ ਸ਼ਹੀਦਾਂ ਦੇ ਸਿਰਤਾਜ, ਗੁਰੂ ਅਰਜਨ ਦੇਵ ਜੀ, ਦੀ ਸੰਤਾਨ ਅਤੇ ਮਹਾਨ ਸ਼ਹੀਦ, ਗੁਰੂ ਤੇਗ਼ ਬਹਾਦਰ ਜੀ, ਦੇ ਪੋਤਰੇ ਹਾਂ; ਅਸੀਂ ਸ਼ਹੀਦ ਹੋਣਾ ਜਾਣਦੇ ਹਾਂ । ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਾਂ ਅਤੇ, ਧਰਮ ਦੀ ਖਾਤਰ, ਦੁੱਖ ਝੱਲਣ ਦੀ ਵੀ ਸਾਨੂੰ ਜਾਚ ਹੈ । ਤੁਸੀਂ ਜੋ ਜੀਅ ਚਾਹੇ ਕਰ ਲਵੋ।"

**ਹਮਰੇ ਬੰਸ ਰੀਤਿ ਇਮ ਆਈ ।**

**ਸੀਸ ਦੇਤ ਪਰ ਧਰਮ ਨਾ ਜਾਈ ।**

ਉਨ੍ਹਾਂ ਨੂੰ ਬਹੁਤ ਸਾਰੇ ਲਾਲਚ, ਡਰਾਵੇ ਅਤੇ ਤਸੀਹੇ ਵੀ ਦਿੱਤੇ ਗਏ ਪਰ ਉਹ ਅਡੋਲ ਰਹੇ। ਹਾਰ-ਹੰਭ ਕੇ ਵਜ਼ੀਰ ਖਾਂ ਨੇ ਅਗਲੇ ਦਿਨ ਪੇਸ਼ ਕਰਨ ਦਾ ਹੁਕਮ ਦੇ ਦਿਤਾ । 25 ਦਸੰਬਰ ਨੂੰ ਫਿਰ ਪੇਸ਼ੀ ਹੋਈ । ਫਿਰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ ਪਰ ਬਹਾਦਰ ਸਾਹਿਬਜ਼ਾਦੇ ਆਪਣੇ ਫੈਸਲੇ 'ਤੇ ਦ੍ਰਿੜ੍ਹ ਰਹੇ । ਕੋਈ ਪੇਸ਼ ਨਾ ਜਾਂਦੀ ਵੇਖ ਕੇ ਕਾਜ਼ੀ ਨੂੰ ਫਤਵਾ ਦੇਣ ਲਈ ਕਿਹਾ ਗਿਆ । ਕਾਜ਼ੀ ਨੇ ਕਿਹਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਨ੍ਹਾਂ ਦੇ ਬਾਪ ਵਲੋਂ ਕੀਤੇ ਅਪਰਾਧ ਦੀ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ । ਸੂਬੇ ਨੇ ਨਵਾਬ ਮਲੇਰਕੋਟਲਾ, ਸ਼ੇਰ ਮੁਹੰਮਦ ਖਾਂ ਦੇ ਜਜ਼ਬਾਤ ਭੜਕਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਆਪਣੇ ਭਰਾ ਨਾਹਰ ਖਾਂ ਅਤੇ ਭਾਣਜੇ ਖਿਜਰ ਖਾਂ, ਜੋ ਚਮਕੌਰ ਦੇ ਯੁੱਧ ਵਿਚ ਸ਼ਹੀਦ ਹੋ ਗਏ ਸਨ, ਦਾ ਬਦਲਾ ਇੰਨ੍ਹਾਂ ਬੱਚਿਆਂ ਤੋਂ ਲੈ ਲਵੈ । ਸ਼ੇਰ ਮੁਹੰਮਦ ਖਾਂ ਨੇ ਇਸ ਦਲੀਲ ਨੂੰ ਨਿਰਾ ਰੱਦ ਹੀ ਨਹੀਂ ਕੀਤਾ ਸਗੋਂ 'ਹਾਅ ਦਾ ਨਾਅਰਾ' ਵੀ ਮਾਰਿਆ ਕਿ ਸ਼ੀਰਖੋਰਾਂ ਉਤੇ ਜ਼ੁਲਮ ਢਾਉਣਾ ਠੀਕ ਨਹੀਂ । ਜੋਗੀ ਅਲ੍ਹਾ ਯਾਰ ਖਾਂ ਦੇ ਸ਼ਬਦਾਂ ਵਿਚ :

**ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ ।**

**ਮਹਿਫੂਜ਼ ਰੱਖੇ ਹਮਕੋ ਖ਼ੁਦਾ ਐਸੇ ਪਾਪ ਸੇ ।**

ਕਾਜ਼ੀ ਅਤੇ ਸ਼ੇਰ ਮੁਹੰਮਦ ਖਾਂ ਦਾ ਰਵਈਆ ਵੇਖ ਕੇ ਵਜ਼ੀਰ ਖਾਂ ਵੀ ਨਰਮ ਹੋ ਗਿਆ ਸੀ ਪਰ ਦੀਵਾਨ ਸੁੱਚਾ ਨੰਦ ਨੇ, ਇਕ ਸ਼ੈਤਾਨ ਵਾਂਗ, ਸਾਹਿਬਜ਼ਾਦਿਆਂ ਨੂੰ ਐਸੇ ਸਵਾਲ ਕੀਤੇ ਜਿਨ੍ਹਾਂ ਦੇ ਜਵਾਬ ਦੇਣ ਨਾਲ ਉਹ ਬਾਗੀ



ਸਿੱਧ ਹੋ ਸਕਣ। ਉਸਨੇ ਪੁੱਛਿਆ, "ਜੇ ਤੁਹਾਨੂੰ ਛੱਡ ਦਿਤਾ ਜਾਵੇ ਤਾਂ ਤੁਸੀਂ ਕੀ ਕਰੋਗੇ ?" ਉਨ੍ਹਾਂ ਦਾ ਜਵਾਬ ਸੀ, "ਅਸੀਂ ਜਾ ਕੇ ਫੌਜ 'ਕੱਠੀ ਕਰਾਂਗੇ, ਤੁਹਾਡੇ ਜਬਰ ਜ਼ੁਲਮ ਵਿਰੁੱਧ ਲੜਾਂਗੇ ਅਤੇ ਓਨਾ ਚਿਰ ਲੜਦੇ ਰਹਾਂਗੇ ਜਿੰਨਾ ਚਿਰ ਜ਼ਾਲਮਾਂ ਨੂੰ ਮਾਰ ਨਹੀਂ ਲੈਂਦੇ ਜਾਂ ਆਪ ਸ਼ਹੀਦ ਨਹੀਂ ਹੋ ਜਾਂਦੇ ।

ਸੁੱਚਾ ਨੰਦ ਨੇ ਵਜ਼ੀਰ ਖਾਂ ਨੂੰ ਆਖਿਆ, "ਇਹ ਬਾਗੀ ਪਿਤਾ ਦੇ ਬਾਗੀ ਪੁੱਤਰ ਹਨ ਜੋ ਵੱਡੇ ਹੋ ਕੇ ਮੁਗਲ ਰਾਜ ਲਈ ਖਤਰਾ ਬਣ ਸਕਦੇ ਹਨ । ਇਸ ਲਈ ਇਨ੍ਹਾਂ ਨੂੰ ਛੱਡ ਦੇਣਾ ਸਿਆਣਪ ਨਹੀਂ ਹੋਵੇਗੀ।" ਇਹ ਦਲੀਲਾਂ ਸੁਣ ਕੇ ਵਜ਼ੀਰ ਖਾਂ ਨੇ ਬੱਚਿਆਂ ਨੂੰ ਸਜ਼ਾ ਦੇਣ ਦਾ ਮਨ ਬਣਾ ਲਿਆ । ਕਾਜ਼ੀ ਤੋਂ ਫਿਰ ਪੁੱਛਿਆ ਗਿਆ । ਇਸ ਵਾਰ ਕਾਜ਼ੀ ਨੇ ਇਸਲਾਮ ਅਤੇ ਕੁਰਾਨ ਸ਼ਰੀਫ ਦੀਆਂ ਸਿਖਿਆਵਾਂ ਦੇ ਵਿਰੁੱਧ ਦੋਵਾਂ ਮਾਸੂਮਾਂ ਨੂੰ ਕੰਧਾਂ ਵਿਚ ਚਿਣੇ ਜਾਣ ਦਾ ਫਤਵਾ ਦੇ ਦਿਤਾ । ਚਿਣਾਈ ਦਾ ਕੰਮ ਸ਼ੁਰੂ ਹੋਇਆ ਪ੍ਰੰਤੂ, ਜਦੋਂ ਕੰਧ ਮੋਢਿਆਂ ਤਕ ਆਈ ਤਾਂ ਡਿੱਗ ਪਈ । ਫੁੱਲਾਂ ਵਰਗੇ ਬੱਚੇ ਬੇਹੋਸ਼ ਹੋ ਗਏ । ਫਿਰ ਉਨ੍ਹਾਂ ਨੂੰ ਹੋਸ਼ ਵਿਚ ਲਿਆਂਦਾ ਗਿਆ ਅਤੇ ਠੰਢੇ ਬੁਰਜ ਵਿਚ ਭੇਜ ਦਿਤਾ ਗਿਆ; 26 ਦਸੰਬਰ ਨੂੰ ਚੁਪ ਵਰਤੀ ਰਹੀ ।

27 ਦਸੰਬਰ ਨੂੰ ਫਿਰ ਪੇਸ਼ੀ ਹੋਈ ਅਤੇ ਇਸਲਾਮ ਕਬੂਲ ਕਰਨ ਦੀ ਉਹੋ ਰਟ ਲਾਈ ਗਈ ਪਰ ਸਾਹਿਬਜਾਦੇ ਸ਼ਾਂਤ ਅਤੇ ਅਡੋਲ ਰਹੇ । ਅੰਤ, ਸੂਬਾ ਸਰਹਿੰਦ ਨੇ ਸਾਹਿਬਜਾਦਿਆਂ ਨੂੰ ਜ਼ਿਬਹ ਕਰਨ ਦਾ ਹੁਕਮ ਦੇ ਦਿਤਾ । ਸਮਾਣੇ ਦੇ ਜੱਲਾਦਾਂ ਸਾਸ਼ਲ ਬੇਗ ਅਤੇ ਬਾਸ਼ਲ ਬੇਗ ਨੇ ਦੋਵਾਂ ਮਾਸੂਮ ਬਹਾਦਰਾਂ ਨੂੰ ਵਾਰੀ-ਵਾਰੀ ਜ਼ਿਬਹ ਕਰ ਦਿਤਾ । ਉਪ੍ਰੰਤ, ਮਾਤਾ ਗੁਜਰੀ ਜੀ ਨੂੰ ਵੀ ਬੁਰਜ ਤੋਂ ਥੱਲੇ ਸੁੱਟ ਕੇ ਸ਼ਹੀਦ ਕਰ ਦਿਤਾ ਗਿਆ । ਪ੍ਰਸਿੱਧ ਵਿਦਵਾਨ ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਦੇ ਹਨ :

- **ਹੁਤੋ ਉਹਾਂ ਥੋ ਛੁਰਾ ਇਕ ਵਾਰੋ, ਦੈ ਗੋਡੇ ਹੇਠ, ਕਰ ਜ਼ਿਬਾਹ ਡਾਰੋ ।**
  **ਤੜਫ ਤੜਫ ਗਈ ਜਿੰਦ ਉਡਾਇ, ਇਮ ਸ਼ੀਰ ਖੋਰ ਦੁਇ ਦਏ ਕਤਲਾਇ।**
- ਅਲਾਮਾ ਇਕਬਾਲ ਇਸ ਨਿਰਦਇਤਾ ਨੂੰ ਫਿਟਕਾਰਦੇ ਹੋਏ ਲਿਖਦੇ ਹਨ:-
  **ਕਤਲ-ਏ-ਮਾਸੂਮ ਕਰਤੇ ਹੋ ਔਰ ਇਸੇ ਇਨਸਾਫ-ਏ-ਖ਼ੁਦਾ ਕਹਤੇ ਹੋ।**
  **ਕਿਆ ਇਸੀ ਕੋ ਦੀਨ-ਏ-ਮੁਹੰਮਦੀ ਕਹਿਤੇ ਹੈਂ ?**
- ਮੈਥਿਲੀ ਸ਼ਰਨ ਗੁਪਤ ਦੀ ਭਵਿੱਖ-ਬਾਣੀ :
  **ਜਿਸ ਕੁਲ, ਜਾਤੀ, ਦੇਸ਼ ਕੇ ਬੱਚੇ, ਦੇ ਸਕਤੇ ਹੈਂ ਯੂੰ ਬਲਿਦਾਨ ।**
  **ਉਸਕਾ ਵਰਤਮਾਨ ਕੁਛ ਭੀ ਹੋ, ਪਰ ਭਵਿਸ਼ਯ ਹੈ ਮਹਾਂ ਮਹਾਨ ।**

- ਜੋਗੀ ਅੱਲਾ ਯਾਰ ਖਾਂ ਵੱਲੋਂ ਸਾਂਭੇ ਹੋਏ ਨੰਨ੍ਹੇ ਸੂਰਬੀਰਾਂ ਦੇ ਮਨੋ-ਭਾਵ :-

**ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ ।**
**ਸਿੱਖੀ ਕੀ ਨੀਂਵ ਹਮ ਹੈਂ ਸਿਰੋਂ ਪੇ ਉਠਾ ਚਲੇ ।**
**ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ ।**
**ਸਿੰਘੋਂ ਕੀ ਸਲਤਨਤ ਕਾ ਹੈਂ ਪੌਦਾ ਲਗਾ ਚਲੇ ।**
**ਗੱਦੀ ਸੇ ਤਾਜੋ-ਤਖ਼ਤ ਬਸ ਅਬ ਕੌਮ ਪਾਏਗੀ ।**
**ਦੁਨੀਆ ਮੇਂ ਜ਼ਾਲਮੋਂ ਕਾ ਨਿਸ਼ਾਂ ਤਕ ਮਿਟਾਏਗੀ ।**

**ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਬੇ-ਕਿਰਕ ਸ਼ਹੀਦੀਆਂ ਨੇ ਸਿੱਖ ਕੌਮ ਦਾ ਗੁੱਸਾ ਅਤੇ ਜੋਸ਼, ਜ਼ੁਲਮ ਦਾ ਨਾਸ਼ ਕਰਨ ਲਈ, ਸ਼ਿਖਰ 'ਤੇ ਪਹੁੰਚਾ ਦਿਤਾ ਅਤੇ ਸਰਹਿੰਦ ਦੀ ਖੂਨੀ ਦੀਵਾਰ ਸਿੱਖ ਰਾਜ ਦਾ ਨੀਂਹ-ਪੱਥਰ ਹੋ ਨਿਬੜੀ ।** ਸਾਕਾ ਸਰਹਿੰਦ ਸਿੱਖਾਂ ਲਈ ਸ਼ਕਤੀ ਦਾ ਇਕ ਸਦੀਵੀਂ ਸੋਮਾ ਹੈ । ਇਨ੍ਹਾਂ ਅਲੌਕਿਕ ਸ਼ਹੀਦਾਂ ਦੀ ਪਵਿੱਤਰ ਯਾਦ ਨੂੰ ਆਪਣੇ ਦਿਲ ਦੇ ਇਕ ਸਾਫ ਸੁਥਰੇ ਕੋਨੇ ਵਿਚ ਸਾਂਭੀ ਰੱਖਣ ਦਾ ਪ੍ਰਣ ਕਰਨਾ ਹਰ ਸਿੱਖ ਦਾ ਫਰਜ਼ ਬਣਦਾ ਹੈ ।

**ਨੋਟ :**

1. ਨਜ਼ਰ-ਬੰਦੀ ਦੌਰਾਨ ਠੰਢੇ ਬੁਰਜ ਵਿਚ ਦੋਵਾਂ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਦੁੱਧ ਛਕਾਉਣ ਦੀ ਸੇਵਾ ਇਕ ਭਲੇ ਪੁਰਸ਼, ਮੋਤੀ ਰਾਮ ਮਹਿਰਾ ਜੋ ਵਜ਼ੀਰ ਖਾਂ ਦਾ ਰਸੋਈਆ ਸੀ, ਨੇ ਕੀਤੀ ਸੀ ਜਿਸ ਕਾਰਨ ਵਜ਼ੀਰ ਖਾਂ ਨੇ ਉਸਨੂੰ, ਪਰਿਵਾਰ ਸਮੇਤ, ਕੋਹਲੂ ਵਿਚ ਪੀੜਕੇ ਸ਼ਹੀਦ ਕਰਵਾ ਦਿਤਾ ਸੀ ।

2. ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀਆਂ ਪਵਿੱਤਰ ਦੇਹਾਂ ਦਾ ਸਸਕਾਰ ਕਰਨ ਲਈ ਗੁਰੂ-ਘਰ ਦੇ ਉਪਾਸ਼ਕ, ਦੀਵਾਨ ਟੋਡਰ ਮੱਲ ਨੇ ਖੜੇ-ਰੁੱਖ ਮੋਹਰਾਂ ਵਿਛਾ ਕੇ ਜ਼ਮੀਨ ਮੁੱਲ ਖਰੀਦੀ ਸੀ ਜੋ ਦੁਨੀਆ ਦੀ ਸਭ ਤੋਂ ਮਹਿੰਗੀ ਜ਼ਮੀਨ ਮੰਨੀ ਜਾਂਦੀ ਹੈ (ਜਿਥੇ ਹੁਣ ਗੁਰਦੁਆਰਾ ਜੋਤੀ ਸਰੂਪ ਸਥਿਤ ਹੈ।)

ਨੂਰਾ ਰੋਂਦਾ-ਰੋਂਦਾ ਵਾਰਤਾ ਸੁਣਾਈ ਗਿਆ । ਰਾਇ ਕੱਲ੍ਹਾ ਅਤੇ ਹੋਰ ਸੁਨਣ ਵਾਲੇ ਵੀ ਭੁੱਬੀਂ-ਭੁੱਬੀਂ ਰੋਈ ਗਏ ਪਰ ਗੁਰੂ ਜੀ ਅਡੋਲ ਬੈਠੇ ਸੁਣਦੇ ਰਹੇ ਅਤੇ ਸਹਿਜ-ਸੁਭਾਅ ਇਕ ਦੱਬ੍ਹ ਦੇ ਬੂਟੇ ਦੀ ਜੜ੍ਹ ਫੋਲਦੇ ਰਹੇ । ਵਾਰਤਾ ਖ਼ਤਮ ਹੁੰਦਿਆਂ, ਦੱਬ੍ਹ ਦਾ ਬੂਟਾ ਵੀ ਪੁੱਟਿਆ ਗਿਆ । ਗੁਰੂ ਜੀ ਬੋਲੇ: "ਮੇਰੇ ਬੀਰ ਸਪੁੱਤਰ ਮਰੇ ਨਹੀਂ, ਅਮਰ ਹੋ ਗਏ ਹਨ ਅਤੇ ਵਾਹਿਗੁਰੂ ਦੀ ਗੋਦ ਵਿਚ ਜਾ ਬਿਰਾਜੇ ਹਨ । ਇਸ ਮੁਰਦਾ ਕੌਮ ਵਿਚ ਉਹ ਜਾਨ ਪਾ ਗਏ ਹਨ । ਹੁਣ ਇਹ ਕੌਮ ਉੱਠ ਖੜੇਗੀ ਅਤੇ ਜ਼ਾਲਮਾਂ ਦਾ ਨਾਸ ਕਰ ਦੇਵੇਗੀ । ਮੇਰੇ ਸਪੁੱਤਰ



ਅਮਰ ਹਨ, ਮੇਰਾ ਖਾਲਸਾ ਪੁੱਤਰ ਅਮਰ ਹੈ । ਇਨ੍ਹਾਂ ਮੁਗ਼ਲਾਂ ਦੀ ਜੜ੍ਹ ਪੁੱਟੀ ਗਈ ਹੈ । ਸਰਹਿੰਦ ਦੀ ਇੱਟ-ਨਾਲ-ਇੱਟ ਖੜਕੇਗੀ ਅਤੇ ਖ਼ਾਲਸੇ ਦੀ ਜੈ ਹੋਵੇਗੀ ।"

ਕੁਝ ਦਿਨ ਹੋਰ ਰਾਇ ਕੱਲ੍ਹਾ ਜੀ ਕੋਲ ਰਹਿਕੇ ਗੁਰੂ ਜੀ ਨੇ ਵਿਦਾ ਲਈ। ਜਾਣ ਲੱਗਿਆਂ ਇਕ ਤਲਵਾਰ ਅਤੇ ਗੰਗਾ ਸਾਗਰ ਦੀ ਬਖ਼ਸ਼ਿਸ਼ ਕੀਤੀ, (ਜੋ ਹੁਣ ਰਾਇ ਜੀ ਦੇ ਪਰਵਾਰ ਪਾਸ ਪਾਕਿਸਤਾਨ ਵਿਚ ਬੜੇ ਅਦਬ-ਸਤਿਕਾਰ ਨਾਲ ਸਾਂਭੇ ਹੋਏ ਹਨ । ਰਾਇ ਕੱਲ੍ਹਾ ਦੀ 15ਵੀਂ ਪੁਸ਼ਤ ਦੇ ਉਤਰਾਧਿਕਾਰੀ, ਰਾਇ ਅਜ਼ੀਜ਼-ਉਲਾ-ਖਾਂ, ਜੋ ਪਾਕਿਸਤਾਨ ਸਰਕਾਰ ਵਿਚ ਮੰਤਰੀ ਸਨ, ਸਾਹਿਬਜ਼ਾਦਿਆਂ ਦੇ 300-ਸਾਲਾ ਸ਼ਹੀਦੀ ਪੁਰਬ ਦਸੰਬਰ 2004 ਉੱਤੇ ਸੰਗਤਾਂ ਦੇ ਦਰਸ਼ਨਾਂ ਲਈ ਗੰਗਾ ਸਾਗਰ ਲੈ ਕੇ ਭਾਰਤੀ ਪੰਜਾਬ ਵਿਚ ਆਏ ਵੀ ਸਨ । ਇਥੇ ਉਨ੍ਹਾਂ ਦਾ ਦਿਲੀ ਧੰਨਵਾਦ ਅਤੇ ਡੂੰਘਾ ਆਦਰ-ਸਤਿਕਾਰ ਕੀਤਾ ਗਿਆ ਸੀ।)

ਜਟਪੁਰੇ ਤੋਂ ਚਲਕੇ ਗੁਰੂ ਜੀ ਦੀਨੇ ਪੁੱਜੇ । ਇਹ ਪਿੰਡ ਭਾਈ ਜੋਧ, ਜੋ ਛੇਵੇਂ ਪਾਤਸ਼ਾਹ ਦੇ ਸਿੱਖ ਸਨ ਅਤੇ ਜਿਨ੍ਹਾਂ ਗੁਰੂ ਸਰ ਦੀ ਜੰਗ ਵਿਚ ਉਨ੍ਹਾਂ ਦੀ ਬਹੁਤ ਸੇਵਾ ਕੀਤੀ ਸੀ, ਦੇ ਪੁੱਤਰਾਂ ਨੇ ਕਾਂਗੜ ਤੋਂ ਉੱਠ ਕੇ ਵਸਾਇਆ ਸੀ। ਇਥੇ ਸ਼ਮੀਰ, ਲਖਮੀਰ ਅਤੇ ਤਖ਼ਤ ਮੱਲ, ਜੋ ਭਾਈ ਜੋਧ ਦੇ ਪੋਤਰੇ ਸਨ, ਨੇ ਗੁਰੂ ਜੀ ਦਾ ਬਹੁਤ ਆਦਰ ਕੀਤਾ, ਆਪਣੇ ਚੁਬਾਰੇ ਵਿਚ ਉਤਾਰਾ ਦਿੱਤਾ ।

ਸੰਗਤਾਂ ਨੂੰ ਜਿਉਂ ਜਿਉਂ ਪਤਾ ਲੱਗਾ ਤਾਂ ਦਰਸ਼ਣਾਂ ਨੂੰ ਆਉਣ ਲੱਗੀਆਂ। ਸੂਬਾ ਸਰਹਿੰਦ ਨੂੰ ਵੀ ਪਤਾ ਲੱਗ ਗਿਆ । ਉਸਨੇ ਚੌਧਰੀ ਸ਼ਮੀਰ ਨੂੰ ਚਿੱਠੀ ਲਿਖੀ ਕਿ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਸਰਹਿੰਦ ਭੇਜਿਆ ਜਾਵੇ । ਪ੍ਰੰਤੂ ਚੌਧਰੀ ਸ਼ਮੀਰ ਨੇ ਕੋਰਾ ਜਵਾਬ ਲਿਖ ਭੇਜਿਆ ਕਿ ਆਪਣੇ ਪੈਗ਼ੰਬਰ ਦੀ ਸੇਵਾ ਕਰਨੀ ਕੋਈ ਜੁਰਮ ਨਹੀਂ ਹੈ । ਨਾਲ ਹੀ ਇਕ ਸੂਹੀਆ ਵੀ ਭੇਜਿਆ ਕਿ ਸਰਹਿੰਦ ਤੋਂ ਪਤਾ ਲਿਆਵੇ ਕਿ ਸੂਬੇ ਦਾ ਕੀ ਇਰਾਦਾ ਹੈ । ਸੂਹੀਏ ਨੇ ਖ਼ਬਰ ਦਿੱਤੀ ਕਿ ਚਿੱਠੀ ਪੜ੍ਹਕੇ ਸੂਬੇ ਨੇ ਫੌਜਾਂ ਨੂੰ ਤਿਆਰੀ ਕਰਨ ਦਾ ਹੁਕਮ ਦੇ ਦਿੱਤਾ ਸੀ।

ਦੀਨੇ ਰਹਿੰਦਿਆਂ ਕਾਫੀ ਸਿੱਖ ਯੋਧੇ ਆਣ ਮਿਲੇ ਸਨ । ਗੁਰੂ ਜੀ ਨੇ ਤਨਖਾਹਦਾਰ ਸਿਪਾਹੀ ਵੀ ਰੱਖ ਲਏ ਸਨ ।

**ਜ਼ਫ਼ਰਨਾਮਾ**:- ਅਨੰਦਪੁਰ ਦੇ ਘੇਰੇ ਵੇਲੇ ਗੁਰੂ ਜੀ ਨੂੰ ਔਰੰਗਜ਼ੇਬ ਦੀਆਂ ਦੋ ਚਿੱਠੀਆਂ ਆਈਆਂ ਸਨ। ਇਕ ਵਿਚ ਲਿਖਿਆਂ ਸੀ, "ਤੁਸੀਂ ਮੈਨੂੰ ਆ ਕੇ ਮਿਲੋ ।" ਕੁਰਾਨ ਦੀਆਂ ਕਸਮਾਂ ਚੁੱਕ ਕੇ ਇਹ ਵੀ ਯਕੀਨ ਦਿਵਾਇਆ ਸੀ, "ਜੇ ਕਿਲ੍ਹਾ ਛੱਡ ਦਿਓਗੇ ਤਾਂ ਤੁਹਾਨੂੰ ਕੋਈ ਦੁੱਖ ਨਹੀਂ ਦਿੱਤਾ ਜਾਵੇਗਾ।" ਇੰਜ ਲਗਦਾ ਹੈ ਜਿਵੇਂ ਹੁਣ ਇਕ ਚਿੱਠੀ ਹੋਰ ਆਈ ਹੋਵੇ, ਜਿਸਦੇ ਜਵਾਬ ਵਿਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਆਪਣੀ ਜਗਤ ਪ੍ਰਸਿੱਧ ਚਿਠੀ ਲਿਖੀ ਜਿਸਨੂੰ

'**ਜ਼ਫ਼ਰਨਾਮਾ**' ਕਿਹਾ ਜਾਂਦਾ ਹੈ ਅਤੇ ਜਿਸਦੇ ਚੋਣਵੇਂ ਅੰਸ਼ ਇਸ ਪ੍ਰਕਾਰ ਹੈ :-

- ਜ਼ਫਰਨਾਮਾ: ਪਹਿਲੇ 12 ਬੰਦਾਂ ਵਿਚ ਸਰਬ ਸ਼ਕਤੀਮਾਨ ਦੀ ਉਪਮਾ ਕੀਤੀ ਗਈ ਹੈ ।
- ਬੰਦ:13,14: ਤੇਰੀ ਕਸਮ ਉਪਰ ਮੈਨੂੰ ਭਰੋਸਾ ਨਹੀਂ ਰਿਹਾ,

ਪਰਮਾਤਮਾ ਇਸ ਵਿਚ ਗਵਾਹ ਹੈ । ਤੇਰੇ ਮੁਣਸ਼ੀ ਅਤੇ ਦੀਵਾਨ ਵੀ ਝੂਠੇ ਹਨ। ਉਨ੍ਹਾਂ ਉਪਰ ਵੀ ਮੈਨੂੰ ਰਤਾ ਭਰੋਸਾ ਨਹੀਂ ।

- ਬੰਦ:19,41: ਮੇਰੇ ਭੁੱਖੇ-ਭਾਣੇ ਚਾਲੀ ਆਦਮੀ ਕੀ ਲੜਦੇ ਜਦੋਂ ਤੇਰਾ ਦਸ ਲੱਖ ਦਾ ਟਿਡੀ ਦਲ ਅਚਾਨਕ ਹੀ ਉਨ੍ਹਾਂ ਉਪਰ ਟੁੱਟ ਪਿਆ ।
- ਬੰਦ:21,22: ਉਸ ਵੇਲੇ ਅਸੀਂ ਵੀ ਹੋਰ ਕੋਈ ਚਾਰਾ ਚਲਦਾ ਨਾ ਵੇਖਕੇ ਜੰਗ ਕਰਨ ਲਈ ਆਏ ਅਤੇ ਤੀਰਾਂ ਤੁਫੰਗਾਂ ਦੇ ਨਾਲ ਆਏ ਕਿਉਂਕਿ ਜਦੋਂ ਗੱਲ ਸਾਰੇ ਹੀਲਿਆਂ ਤੋਂ ਟੱਪ ਜਾਵੇ ਤਾਂ ਤਲਵਾਰ ਹੱਥ ਵਿਚ ਫੜ ਲੈਣੀ ਹੀ ਧਰਮ ਹੈ ।
- ਬੰਦ:23: ਤੇਰੀ ਕੁਰਾਨ ਦੀ ਕਸਮ ਉਪਰ ਮੈਂ ਕੀ ਭਰੋਸਾ ਕਰਾਂ, ਭਰੋਸਾ ਕੀਤਾ ਤੇ ਨੁਕਸਾਨ ਉਠਾਇਆ ਵਰਨਾ ਮੈਨੂੰ ਇਸ ਰਸਤੇ ਪੈਣ ਦੀ ਕੀ ਲੋੜ ਸੀ।
- ਬੰਦ:24: ਮੈਂ ਨਹੀਂ ਸੀ ਜਾਣਦਾ ਕਿ ਤੂੰ ਮਰਦ ਹੋ ਕੇ ਲੂੰਬੜੀ ਵਾਂਗ ਦਾਅ ਖੇਡਦਾ ਹੈਂ ।
- ਬੰਦ:25: ਨੀਤੀ ਦੀ ਗੱਲ ਹੈ ਕਿ ਜੇ ਕੋਈ ਕੁਰਾਨ ਦੀ ਸੁਗੰਧ ਉੱਤੇ ਭਰੋਸਾ ਕਰੇ ਤਾਂ ਉਸਨੂੰ ਨਾ ਤਾਂ ਬੰਨ੍ਹਣਾ ਚਾਹੀਦਾ ਹੈ ਅਤੇ ਨਾ ਹੀ ਉਸਨੂੰ ਕੋਈ ਹੋਰ ਦੁੱਖ ਦੇਣਾ ਚਾਹੀਦਾ ਹੈ ।
- ਬੰਦ:43: ਜੇ ਕੋਈ ਕੁਰਾਨ ਦੀ ਸੌਂਹ ਵਿਚ ਆਉਂਦਾ ਹੈ ਤਾਂ ਵਾਹਿਗੁਰੂ ਉਸਨੂੰ ਰਸਤਾ ਵਿਖਾਣ ਵਿਚ ਆਂਵਦਾ ਹੈ, ਭਾਵ, ਪਰਮੇਸ਼ਰ ਨੇ ਹੀ ਸਾਨੂੰ ਉਸ ਘੇਰੇ ਵਿਚੋਂ ਕੱਢਕੇ ਦੀਨੇ ਆਉਂਣ ਦਾ ਰਸਤਾ ਵਿਖਾਇਆ ਹੈ ।
- ਬੰਦ:45: ਮੈਂ ਨਹੀਂ ਸੀ ਜਾਣਦਾ ਕਿ ਤੂੰ ਵਾਅਦੇ ਤੋੜਨ ਵਾਲਾ, ਧਨ ਦੇ ਪਾਲਣ ਵਾਲਾ ਅਤੇ ਧਰਮ, ਈਮਾਨ ਨੂੰ ਪਰੇ ਵਗਾਹ ਮਾਰਨ ਵਾਲਾ ਹੈਂ ।
- ਬੰਦ:46: ਤੂੰ ਨਾ ਈਮਾਨ ਪਾਲਣ ਵਾਲਾ ਹੈਂ, ਨਾ ਦੀਨ-ਧਰਮ ਦੀ ਸਹਾਇਤਾ ਕਰਨ ਵਾਲਾ ਹੈਂ; ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਮੁਹੰਮਦ ਸਾਹਿਬ ਉੱਤੇ ਭਰੋਸਾ ਹੈ ।
- ਬੰਦ:47: ਉਹ, ਜੋ ਆਪਣੇ ਧਰਮ ਵਿਚ ਸੱਚਾ ਅਤੇ ਪੱਕਾ ਹੈ, ਆਪਣੇ ਕੀਤੇ ਹੋਏ ਵਾਅਦੇ ਨੂੰ ਕਦੀ ਨਹੀਂ ਤੋੜਦਾ ।
- ਬੰਦ:48: ਜੇ ਤੇਰਾ ਮੁੰਹਮਦ ਸਾਹਿਬ ਉੱਪਰ ਨਿਸਚਾ ਹੁੰਦਾ ਤਾਂ ਤੂੰ ਕੁਰਾਨ



ਦੀ ਕਸਮ (ਸੁੰਗਧ) ਤੋਂ ਡਰਦਾ । ਕੀ ਹੋਇਆ ਤੂੰ ਕੁਰਾਨ ਦੀ ਸੌਂਹ ਖਾ ਕੇ ਮੁੱਕਰ ਗਿਆ ਹੈਂ, ਖ਼ੁਦਾ ਤਾਂ ਜਾਣਦਾ ਹੀ ਹੈ ।

- ਬੰਦ:55: ਉਹ ਹੀ ਇਨਸਾਨ ਕਹਾਉਣ ਦਾ ਹੱਕਦਾਰ ਹੈ ਜੋ ਵਾਅਦੇ ਦਾ ਪੱਕਾ ਹੈ, ਉਹ ਇਨਸਾਨ ਹੀ ਨਹੀਂ ਜੋ ਕਹਿੰਦਾ ਕੁਛ ਹੈ ਅਤੇ ਕਰਦਾ ਕੁਛ ਹੋਰ ਹੈ ।
- ਬੰਦ:69,73: ਆਪਣੀ ਤਲਵਾਰ ਕਿਸੇ ਉਤੇ ਬੇ-ਰਹਿਮੀ ਨਾਲ ਨਾ ਚਲਾ ਕਿਉਂਕਿ ਇਕ ਦਿਨ ਐਸਾ ਆਏਗਾ ਕਿ ਗ਼ੈਬੀ ਤਾਕਤ ਦੀ ਤਲਵਾਰ ਨਾਲ ਤੇਰਾ ਆਪਣਾ ਖ਼ੂਨ ਵੀ ਡੁੱਲ੍ਹੇਗਾ।

ਜਿਸ ਵਾਹਿਗੁਰੂ ਦੇ ਹੁਕਮ ਵਿਚ, ਕੀੜੀ ਤੋਂ ਲੈਕੇ ਹਾਥੀ ਤੱਕ, ਸਭ ਜੀਵ ਹਨ, ਉਹ ਗਰੀਬਾਂ ਦੇ ਵਡਿਆਣ ਵਾਲਾ ਅਤੇ ਹੰਕਾਰੀਆਂ ਦੇ ਤੋੜਨ ਵਾਲਾ ਹੈ।

- ਬੰਦ:78,79: ਕੀ ਹੋਇਆ ਜੇ ਤੂੰ ਮੇਰੇ ਚਾਰ ਬੱਚੇ ਕੋਹ ਕੇ ਮਾਰ ਦਿੱਤੇ ਹਨ, ਮੇਰਾ ਖਾਲਸਾ, ਕੁਡਲੀਏ ਸੱਪ ਦੇ ਰੂਪ ਵਿਚ, ਅਜੇ ਜੀਉਂਦਾ ਹੈ ਜੋ ਤੈਥੋਂ ਗਿਣ-ਗਿਣ ਕੇ ਬਦਲੇ ਲਵੇਗਾ । ਇਹ ਕੀ ਬਹਾਦਰੀ ਹੈ ਕਿ ਅੱਗ ਦੇ ਕੁਛ ਚੰਗਿਆੜੇ ਤੂੰ ਬੁਝਾ ਦਿੱਤੇ ਹਨ ਜਦੋਂ ਕਿ ਤੂੰ ਸਗੋਂ ਭਾਂਬੜ ਬਾਲ ਦਿੱਤਾ ਹੈ ਜੋ ਤੇਰੇ ਰਾਜ ਨੂੰ ਸਾੜਕੇ ਸਵਾਹ ਕਰ ਦੇਵੇਗਾ ।
- ਬੰਦ:87: ਤੂੰ ਸੌ ਕੁਰਾਨਾਂ ਦੀ ਕਸਮ ਵੀ ਖਾਵੇਂ ਤਾਂ ਤੇਰਾ ਜ਼ਰਾ ਜਿੰਨਾ ਵੀ ਭਰੋਸਾ ਨਹੀਂ ਹੈ ।
- ਬੰਦ:110: ਜਿਸਦੀ ਰੱਬ ਨਾਲ ਬਣ ਆਈ ਹੈ, ਉਸਦਾ ਵੈਰੀ ਕੀ ਵਿਗਾੜ ਸਕਦਾ ਹੈ, ਭਾਵੇਂ ਆਪਣੀ ਤਾਕਤ ਸੌ ਗੁਣਾ ਵੀ ਵਧਾ ਲਵੇ ।

ਇਹ ਚਿੱਠੀ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਨੇ ਅਹਿਮਦ ਨਗਰ (ਦੱਖਣ) ਵਿਖੇ ਔਰੰਗਜ਼ੇਬ ਨੂੰ ਦਿੱਤੀ। ਚਿੱਠੀ ਪੜ੍ਹਕੇ ਉਸਦੇ ਦਿਲ 'ਤੇ ਡੂੰਘਾ ਅਸਰ ਹੋਇਆ। ਉਸਨੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦੀ ਸਹੀ-ਸਲਾਮਤ ਵਾਪਸੀ ਦਾ ਪਰਵਾਨਾ ਦਿੱਤਾ। ਨਾਲ ਹੀ ਆਪਣੇ ਅਹਿਲਕਾਰਾਂ ਦੇ ਨਾਂ ਹੁਕਮ ਜਾਰੀ ਕੀਤੇ ਕਿ ਗੁਰੂ ਜੀ ਨੂੰ ਕੋਈ ਦੁਖ-ਤਕਲੀਫ ਨਾ ਪਹੁੰਚਾਈ ਜਾਵੇ। ਉਨ੍ਹਾਂ ਨੂੰ ਜਿੱਥੇ ਚਾਹੇ ਜਾਣ ਦੀ ਪੂਰੀ ਖੁਲ੍ਹ ਹੋਵੇ। ਪਰ ਵਜ਼ੀਰ ਖਾਂ ਨੇ ਪਹਿਲਾਂ ਹੀ ਆਪਣੀ ਫੌਜ ਨੂੰ ਗੁਰੂ ਜੀ ਵਿਰੁੱਧ ਕੂਚ ਦੇ ਹੁਕਮ ਜਾਰੀ ਕੀਤੇ ਹੋਏ ਸਨ ।

**xiv) ਮੁਕਤਸਰ ਦਾ ਯੁੱਧ**:- ਦੀਨੇ ਵਿਚ ਆਪ ਜੀ ਨੂੰ ਵਜੀਰ ਖਾਂ ਦੀਆਂ ਫੌਜਾਂ ਬਾਰੇ ਪਤਾ ਲੱਗਾ ਤਾਂ ਆਪ ਲੜਾਈ ਲਈ ਕੋਈ ਢੁਕਵਾਂ ਥਾਂ ਲੱਭਣ ਲਈ ਚੱਲ ਪਏ ਅਤੇ ਜਲਾਲ, ਭਗਤੇ ਥਾਣੀਂ ਹੁੰਦੇ ਹੋਏ ਕੋਟਕਪੂਰੇ ਪੁੱਜੇ । ਇਹ ਥਾਂ

ਗੁਰੂ ਜੀ ਨੂੰ ਲੜਾਈ ਲਈ ਢੁਕਵੀਂ ਜਾਪੀ ਪਰ ਕਪੂਰੇ ਨੇ ਵਜ਼ੀਰ ਖਾਂ ਦੇ ਡਰੋਂ ਗੁਰੂ ਜੀ ਨੂੰ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ "ਤੁਰਕ ਮੈਨੂੰ ਮਾਰ ਦੇਣਗੇ ।" ਗੁਰੂ ਜੀ ਨੇ ਹੱਸ ਕੇ ਆਖਿਆ, " ਕਪੂਰਿਆ ! ਉਂਜ ਵੀ ਤੁਰਕਾਂ ਤੈਨੂੰ ਮਾਰ ਹੀ ਦੇਣਾ ਹੈ।" (ਇਹ ਵਾਕ ਓਦੋਂ ਪੂਰਾ ਹੋਇਆ ਜਦੋਂ 1708 ਈ. ਵਿਚ ਈਸਾ ਖਾਂ ਮੰਝ ਨੇ ਕੋਟਕਪੂਰਾ ਲੁੱਟਿਆ ਅਤੇ ਕਪੂਰੇ ਨੂੰ ਫਾਹੇ ਲਾ ਦਿੱਤਾ ।)

ਓਥੋਂ ਚੱਲ ਗੁਰੂ ਜੀ ਢਿਲਵਾਂ ਪੁੱਜੇ, ਜਿੱਥੇ ਸੋਢੀ ਕੌਲ ਜੋ ਪ੍ਰਿਥੀਏ ਦੀ ਔਲਾਦ ਵਿਚੋਂ ਸੀ, ਘੋੜੇ ਅਤੇ ਚਿੱਟੇ ਬਸਤਰ ਲੈ ਕੇ ਹਾਜਰ ਹੋਇਆ । ਉਸਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਚਿੱਟੇ ਬਸਤਰ ਪਾ ਲਏ । ਫਿਰ ਆਪ ਸੁਨੀਆਰ ਅਤੇ ਰਾਮੇਆਣੇ ਹੁੰਦੇ ਹੋਏ ਖਿਦਰਾਣੇ ਵੱਲ ਨੂੰ ਤੁਰ ਪਏ । ਓਧਰੋਂ ਮਾਝੇ ਦਿਆਂ ਸਿੰਘਾਂ ਦਾ ਜਥਾ ਆਣ ਪੁੱਜਾ । ਇਹ ਉਹ ਸਿੰਘ ਸਨ ਜੋ ਮਾਲਵੇ ਅਤੇ ਦੁਆਬੇ ਦੇ ਸੈਂਕੜੇ ਸਿੰਘਾਂ ਵਾਂਗ ਗੁਰੂ ਜੀ ਨੂੰ ਬੇਦਾਵਾ ਲਿਖਕੇ ਦੇ ਗਏ ਸਨ।

ਹੋਇਆ ਇੰਜ ਕਿ ਜਦੋਂ ਮਾਝੇ ਦੇ ਸਿੰਘਾਂ ਨੂੰ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਅਤੇ ਗੁਰੂ ਜੀ ਨਾਲ ਵਾਪਰੇ ਕਸ਼ਟਾਂ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਬੇਦਾਵਾ ਲਿਖਣ ਵਾਲਿਆਂ ਨੂੰ ਫਿਟਕਾਰਾਂ ਪਾਈਆਂ । ਇਨ੍ਹਾਂ ਨੂੰ ਪਛਤਾਵਾ ਹੋਇਆ ਅਤੇ ਮੁੜ ਗੁਰ ਚਰਨਾਂ ਵਿਚ ਹਾਜ਼ਰ ਹੋਣ ਦਾ ਮਨ ਬਣਾਇਆ । ਇਹ ਪਿੰਡ ਝਬਾਲ ਦੀ ਮਾਈ ਭਾਗੋ ਅਤੇ ਰਟੌਲ ਦੇ ਭਾਈ ਮਹਾਂ ਸਿੰਘ ਦੀ ਅਗਵਾਈ ਵਿਚ ਇੱਥੇ ਪੁੱਜੇ ਸਨ । ਜਦੋਂ ਇਹ ਪਤਾ ਲੱਗਾ ਕਿ ਵਜ਼ੀਰ ਖਾਂ ਦੋ ਕੁ ਕੋਹ 'ਤੇ ਆ ਰਿਹਾ ਹੈ, ਤਾਂ ਗੁਰੂ ਜੀ ਤਾਂ ਖਿਦਰਾਣੇ ਵੱਲ ਨੂੰ ਤੁਰ ਪਏ ਅਤੇ ਢਾਬ ਤੋਂ ਅਗਲੇ ਪਾਸੇ ਇਕ ਟਿੱਬੀ 'ਤੇ ਜਾ ਡਟੇ । ਮਾਝੇ ਤੋਂ ਆਏ ਸਿੰਘਾਂ ਨੇ ਢਾਬ ਤੋਂ ਚੜ੍ਹਦੇ ਪਾਸੇ ਮੋਰਚੇ ਸੰਭਾਲ ਲਏ । ਉਨ੍ਹਾਂ ਨੇ ਮਲ੍ਹਿਆਂ ਉੱਪਰ ਚਾਦਰਾਂ ਤਾਣ ਦਿੱਤੀਆਂ ਤਾਂ ਜੋ ਵੈਰੀ ਨੂੰ ਗੁਰੂ ਜੀ ਦੀ ਫੌਜ ਦੇ ਤੰਬੂਆਂ (ਹੁਣ ਗੁਰਦੁਆਰਾ ਤੰਬੂ ਸਾਹਿਬ) ਦਾ ਭੁਲੇਖਾ ਪਵੇ ਅਤੇ ਉਹ ਸਿੱਧਾ ਇਧਰ ਨੂੰ ਹੀ ਆ ਜਾਵੇ । ਇੰਜ ਹੀ ਹੋਇਆ । ਬੜੇ ਘਮਸਾਣ ਦਾ ਯੁੱਧ ਹੋਇਆ । ਸਿੰਘਾਂ ਨੇ ਹੈਰਾਨ ਕਰ ਦੇਣ ਵਾਲੀ ਬੀਰਤਾ ਦਿਖਾਈ । ਉਧਰ ਗੁਰੂ ਜੀ ਨੇ ਟਿੱਬੀ (ਹੁਣ ਗੁਰਦੁਆਰਾ ਟਿੱਬੀ ਸਾਹਿਬ) ਤੋਂ ਤੀਰਾਂ ਦਾ ਮੀਂਹ ਵਰ੍ਹਾਇਆ ਅਤੇ ਵੈਰੀਆਂ ਦਾ ਬਹੁਤ ਨੁਕਸਾਨ ਕੀਤਾ । ਵਜ਼ੀਰ ਖਾਂ ਦੀ ਫੌਜ ਦੇ ਪੈਰ ਉੱਖੜ ਗਏ ਅਤੇ ਮੈਦਾਨ ਗੁਰੂ ਜੀ ਦੇ ਹੱਥ ਲੱਗਾ ।

ਤੁਰਕਾਂ ਦੇ ਭੱਜ ਜਾਣ ਪਿੱਛੋਂ ਗੁਰੂ ਜੀ ਨੇ 'ਜਾਨ ਭਾਈ' 'ਤੇ ਸਵਾਰ ਹੋ ਕੇ ਰਣਭੂਮੀ ਦਾ ਚੱਕਰ ਲਾਇਆ ਅਤੇ ਉੱਥੇ ਪੁੱਜੇ ਜਿੱਥੇ ਮਝੈਲਾਂ ਨੇ ਸਾਰੀ ਖਾਲਸਈ ਫੌਜ ਦੇ ਮੂਹਰੇ ਮੋਰਚੇ ਲਾਏ ਸਨ। ਆਪ ਜੀ ਨੇ ਸੂਰ-ਬੀਰਾਂ ਦੇ ਮੂੰਹ ਪੂੰਝੇ, ਪਿਆਰ ਕੀਤਾ ਅਤੇ ਵਰ ਦਿੱਤੇ ਕਿ ਇਹ ਮੇਰਾ ਪੰਜ ਹਜ਼ਾਰੀ ਹੈ, ਇਹ



ਦਸ ਹਜ਼ਾਰੀ ਹੈ । ਜਿੰਨਾ ਕੋਈ ਵਧਕੇ ਲੜਿਆ ਸੀ ਉਤਨੀ ਹੀ ਉਸ ਉੱਤੇ ਬਖ਼ਸ਼ਿਸ਼ ਕੀਤੀ। ਜਦ ਭਾਈ ਮਹਾਂ ਸਿੰਘ ਪਾਸ ਪਹੁੰਚੇ ਤਾਂ ਉਹ ਅਜੇ ਸਹਿਕ ਰਿਹਾ ਸੀ। ਗੁਰੂ ਜੀ ਨੇ ਮੂੰਹ ਪੂੰਝਿਆ ਅਤੇ ਪਿਆਰ ਨਾਲ ਉਸਦਾ ਸਿਰ ਆਪਣੀ ਗੋਦ ਵਿਚ ਰੱਖਿਆ। ਮਹਾਂ ਸਿੰਘ ਨੇ ਅੱਖਾਂ ਖੋਲ੍ਹੀਆਂ ਅਤੇ ਗੁਰੂ ਜੀ ਦੀ ਗੋਦੀ ਦਾ ਅਤਿਅੰਤ ਆਨੰਦ ਮਹਿਸੂਸ ਕੀਤਾ। ਗੁਰੂ ਜੀ ਨੇ ਆਖਿਆ, "ਮਹਾਂ ਸਿੰਘ! ਮੰਗ ਜੋ ਮੰਗਣਾ ਈਂ।" ਮਹਾਂ ਸਿੰਘ ਬੋਲਿਆ, "ਹਜ਼ੂਰ ! ਦਰਸ਼ਣ ਕਰਕੇ ਮੰਗਣ ਦੀ ਕੋਈ ਇੱਛਾ ਨਹੀਂ ਰਹੀ।" ਗੁਰੂ ਜੀ ਨੇ ਫਿਰ ਕਿਹਾ, "ਮਹਾਂ ਸਿੰਘਾ ! ਜ਼ਰੂਰ ਕੁਝ ਮੰਗ, ਸਾਡੀ ਇਹ ਦਿਲੀ ਇੱਛਾ ਹੈ।" ਮਹਾਂ ਸਿੰਘ ਨੇ ਕਿਹਾ, "ਜੇ ਤੁੱਠੇ ਹੋ ਤਾਂ ਬੇਦਾਵਾ, ਜੋ ਅਸੀਂ ਦੇ ਆਏ ਸਾਂ, ਪਾੜ ਦਿਓ ਅਤੇ ਟੁੱਟੀ ਗੰਢ ਲਵੋ।" ਗੁਰੂ ਜੀ ਨੇ 'ਧੰਨ ਸਿੱਖੀ-ਧੰਨ ਸਿੱਖੀ' ਕਹਿੰਦੇ-ਕਹਿੰਦੇ ਕਮਰ-ਕੱਸੇ ਚੋਂ ਬੇਦਾਵਾ ਕੱਢਿਆ ਤੇ ਪਾੜ ਦਿੱਤਾ ਅਤੇ ਆਖਿਆ, "ਮਹਾਂ ਸਿੰਘਾ ! ਤੂੰ ਮਾਝੇ ਦੀ ਸਿੱਖੀ ਰੱਖ ਲਈ ਹੈ ਅਤੇ ਗੁਰੂ ਨਾਲੋਂ ਟੁੱਟਿਆ ਹੋਇਆਂ ਨੂੰ ਵੀ ਬਖ਼ਸ਼ਾ ਲਿਆ ਹੈ।" ਮਹਾਂ ਸਿੰਘ ਸ਼ਾਂਤ ਹੋ ਗਏ। ਗੁਰੂ ਜੀ ਉਸਦਾ ਸੀਸ ਸਹਿਜ ਨਾਲ ਭੌਂ ਤੇ ਟਿਕਾਕੇ ਮਾਈ ਭਾਗੋ ਜੀ ਪਾਸ ਪਹੁੰਚੇ। ਉਸਨੂੰ ਹੋਸ਼ ਵਿਚ ਲਿਆਂਦਾ ਅਤੇ ਮਹਾਂ ਸਿੰਘ ਨਾਲ ਹੋਈ ਸਾਰੀ ਵਾਰਤਾ ਸੁਣਾਈ। ਮਾਈ ਦਾ ਲੂੰ-ਲੂੰ ਖਿੜ ਗਿਆ। ਗੁਰੂ ਜੀ ਨੇ ਪ੍ਰਸੰਨ ਹੋ ਕੇ ਨਾਮ-ਦਾਨ ਬਖਸ਼ਿਆ ਅਤੇ ਨਿਤ ਹਜ਼ੂਰੀ ਵਿਚ ਰਹਿਣ ਦੀ ਆਗਿਆ ਦਿੱਤੀ।

ਫਿਰ ਸਾਰੇ ਸ਼ਹੀਦਾਂ ਦਾ ਸਸਕਾਰ ਕੀਤਾ, ਜਿੱਥੇ ਹੁਣ ਗੁਰਦੁਆਰਾ 'ਸ਼ਹੀਦ ਗੰਜ' ਹੈ । ਗੁਰੂ ਜੀ ਨੇ ਬਚਨ ਕੀਤਾ, "ਇਹ ਚਾਲੀ ਸਿੰਘ ਹੀ ਮੁਕਤੇ ਹੋਏ, ਜਨਮ-ਮਰਨ ਤੋਂ ਰਹਿਤ।" ਰਣ-ਭੂਮੀ ਦਾ ਨਾਂ 'ਮੁਕਤਸਰ' ਰੱਖਿਆ ਅਤੇ ਸਸਕਾਰ ਵੇਲੇ ਜਿੱਥੇ ਗੁਰੂ ਜੀ ਬਿਰਾਜੇ ਸਨ, ਉਥੇ ਗੁਰਦੁਆਰਾ '**ਟੁੱਟੀ ਗੰਢੀ**' ਬਣਿਆ ।

ਮੁਕਤਸਰ ਤੋਂ ਚੱਲ ਕੇ ਆਪ ਵਜੀਦਪੁਰ (ਫਿਰੋਜ਼ਪੁਰ ਨੇੜੇ) ਗਏ। ਜਦੋਂ ਕੁਝ ਲੋਕਾਂ ਨੇ ਕਿਹਾ ਕਿ ਇਥੋਂ ਕਸੂਰ (ਫੌਜ ਦੀ ਵੱਡੀ ਛਾਉਣੀ) ਨੇੜੇ ਹੈ, ਕਿਧਰੇ ਹਮਲਾ ਨਾ ਕਰ ਦੇਣ ਤਾਂ ਗੁਰੂ ਜੀ ਨੇ ਫਰਮਾਇਆ, "ਹੁਣ ਇਨ੍ਹਾਂ ਦਾ ਤੇਜ ਢਲ ਗਿਆ ਹੈ, ਹੁਣ ਖਾਲਸਈ ਨਗਾਰੇ ਹੀ ਵੱਜਣਗੇ।"

ਵਜੀਦਪੁਰ ਤੋਂ ਵਾਪਸ ਮੁਕਤਸਰ ਆ ਗਏ । ਕੁਝ ਸਮਾਂ ਇਥੇ ਠਹਿਰਨ ਪਿੱਛੋਂ ਆਪ 'ਟਾਹਲੀਆਂ ਫੱਤੂ ਸੰਮੂੰ ਕੀ', ਰੁਪੇਆਣੇ, ਥੇਹੜੀ, ਬੋਹੜੀ, ਕਾਲ ਝਰਾਣੀ ਅਤੇ ਗੁਰੂਸਰ ਹੁੰਦੇ ਹੋਏ ਛੱਤੇ-ਆਣੇ ਪੁੱਜੇ । ਇਥੇ ਬਰਾੜਾਂ ਨੇ, ਜੋ ਗੁਰੂ ਜੀ ਨੇ ਤਨਖਾਹ ਤੇ ਰੱਖੇ ਹੋਏ ਸਨ ਪਰ ਕੁਝ ਸਮੇਂ ਤੋਂ ਤਨਖਾਹ ਨਹੀਂ ਸੀ ਦਿੱਤੀ ਜਾ ਸਕੀ, ਗੁਰੂ ਜੀ ਦੇ ਘੋੜੇ ਦੀ ਲਗਾਮ ਫੜ ਲਈ ਅਤੇ ਤਨਖਾਹ ਲੈਣ

ਲਈ ਜ਼ਿੱਦ ਕੀਤੀ । ਗੁਰੂ ਜੀ ਨੇ ਬਥੇਰਾ ਸਮਝਾਇਆ ਕਿ ਥੋੜਾ ਚਿਰ ਹੋਰ ਰੁਕ ਜਾਓ ਤੁਹਾਡੀ ਪਾਈ-ਪਾਈ ਚੁਕਾ ਦਿੱਤੀ ਜਾਵੇਗੀ, ਪਰ ਉਹ ਆਪਣੀ ਜ਼ਿੱਦ ਤੇ ਅੜੇ ਰਹੇ । ਏਨੇ ਨੂੰ ਇਕ ਸਿੱਖ ਨੇ ਰੁਪਈਆਂ ਅਤੇ ਮੋਹਰਾਂ ਦੀ ਇਕ ਛੱਟ ਗੁਰੂ ਜੀ ਅੱਗੇ ਲਿਆ ਧਰੀ । ਸਭ ਨੂੰ ਗਿਣ-ਗਿਣ ਕੇ ਤਨਖਾਹਾਂ ਵੰਡੀਆਂ ਗਈਆਂ । ਜਦ ਉਨ੍ਹਾਂ ਦੇ ਜਥੇਦਾਰ, ਭਾਈ ਦਾਨੇ ਦੀ ਵਾਰੀ ਆਈ ਤਾਂ ਉਸ ਹੱਥ ਜੋੜ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਮੇਰੇ ਘਰ ਸਭ ਕੁਛ ਹੈ, ਮੈਨੂੰ ਸਿੱਖੀ ਦਾਨ ਅਤੇ ਆਪਣੇ ਚਰਨਾਂ ਦਾ ਆਸਰਾ ਬਖਸ਼ੋ ।" ਉਸਦਾ ਪ੍ਰੇਮ ਵੇਖਕੇ ਗੁਰੂ ਜੀ ਕਹਿਣ ਲੱਗੇ, "ਸ਼ਾਬਾਸ਼ ਦਾਨਿਆਂ ! ਅੱਗੇ ਭਾਈ ਮਹਾਂ ਸਿੰਘ ਨੇ ਮਾਝੇ ਵਿਚ ਸਿੱਖੀ ਦੀ ਜੜ੍ਹ ਰੱਖ ਲਈ ਸੀ; ਹੁਣ ਮਾਲਵੇ ਵਿਚ ਤੂੰ ਰੱਖ ਲਈ ਹੈ । ਹੁਣ ਅੰਮ੍ਰਿਤ ਛਕਕੇ ਦਾਨ ਸਿੰਘ ਬਣ ਜਾਹ ।" ਉਸਨੇ ਅੰਮ੍ਰਿਤ ਪਾਨ ਕਰ ਲਿਆ । ਤਨਖਾਹਾਂ ਦੇਣ ਉਪ੍ਰੰਤ ਜੋ ਮਾਇਆ ਬਚੀ, ਗੁਰੂ ਜੀ ਨੇ ਉਥੇ ਜੀ ਦੱਬ ਦਿੱਤੀ ।

ਛੱਤੇਆਣੇ ਗੁਰੂ ਜੀ ਦੇ ਡੇਰੇ ਕੋਲ ਹੀ ਇਕ ਬੜੀ ਕਰਨੀ ਵਾਲਾ ਫਕੀਰ ਬ੍ਰਹਮੀ ਸ਼ਾਹ, ਜਿਸਦਾ ਪੂਰਾ ਨਾਂ ਸੱਯਦ ਇਬਰਾਹੀਮ ਸ਼ਾਹ ਸੀ, ਰਹਿੰਦਾ ਸੀ । ਗੁਰੂ ਜੀ ਦੇ ਉਪਦੇਸ਼ ਸੁਣਕੇ ਉਹ ਇਸਲਾਮ ਤਿਆਗ ਸਿੱਖ ਬਣ ਗਿਆ ਅਤੇ ਅੰਮ੍ਰਿਤ ਪਾਨ ਵੀ ਉਸ ਕਰ ਲਿਆ । ਗੁਰੂ ਜੀ ਨੇ ਉਸਦਾ ਨਾਂ ਅਜਮੇਰ ਸਿੰਘ ਰੱਖਿਆ । ਉਹ ਅਖੀਰ ਤਕ ਗੁਰੂ ਜੀ ਦੀ ਹਜੂਰੀ ਵਿਚ ਹੀ ਰਿਹਾ ।

ਦਾਨ ਸਿੰਘ ਦੀ ਬੇਨਤੀ ਤੇ ਗੁਰੂ ਜੀ ਉਸਦੇ ਪਿੰਡ ਮਹਿਮਾ ਸਰਜਾ ਨੂੰ ਹੋ ਤੁਰੇ । ਅਜੇ ਪਿੰਡੋਂ ਕੁਛ ਦੂਰ ਹੀ ਸਨ ਕਿ ਰਹਿਰਾਸ ਦਾ ਵੇਲਾ ਹੋ ਗਿਆ। ਗੁਰੂ ਜੀ ਨੇ ਉਥੇ ਹੀ ਡੇਰਾ ਲਾ ਲਿਆ । ਜਗ੍ਹਾ ਰਮਣੀਕ ਵੇਖਕੇ ਉਸਦਾ ਨਾਂ 'ਲੱਖੀ ਜੰਗਲ' ਰੱਖਿਆ ਅਤੇ ਕੁਝ ਸਮਾਂ ਉਥੇ ਹੀ ਠਹਿਰੇ । ਦਾਨ ਸਿੰਘ ਪਿੰਡੋਂ ਅੰਨ-ਪਾਣੀ ਇਥੇ ਹੀ ਲੈ ਆਇਆ ।

### 14. ਤਲਵੰਡੀ ਸਾਬੋ ਵਿਖੇ :-

ਚਿਰਾਂ ਤੋਂ ਵਿਛੜੇ ਸਿੱਖ ਹਜਾਰਾਂ ਦੀ ਗਿਣਤੀ ਵਿਚ ਇਥੇ ਜੁੜਨ ਲੱਗੇ। ਇਥੋਂ ਚੱਲ, ਕਈ ਪਿੰਡੀਂ ਨਾਮ-ਅੰਮ੍ਰਿਤ ਅਤੇ ਜੀਅ-ਦਾਨ ਦੇ ਗੱਫੇ ਵੰਡਦੇ, ਗੁਰੂ ਜੀ ਸਾਬੋਕੀ ਤਲਵੰਡੀ ਵੱਲ ਹੋ ਤੁਰੇ । ਉਥੇ ਦਾ ਚੌਧਰੀ ਡੱਲਾ ਪੰਜ ਕੁ ਸੌ ਹਥਿਆਰ-ਬੰਦ ਜਵਾਨ ਲੈ ਕੇ ਆਪ ਜੀ ਨੂੰ 'ਜੀ-ਆਇਆਂ' ਆਖਣ ਲਈ ਆਇਆ । ਉਸਨੇ ਇਕੋਤਰ ਸੌ ਰੁਪੈ ਅਤੇ ਇਕ ਵਧੀਆ ਘੋੜਾ ਭੇਟਾ ਕੀਤਾ ਅਤੇ ਮੱਥਾ ਟੇਕਿਆ । ਉਹ ਇਸ ਇਲਾਕੇ ਦਾ ਕਰਤਾ-ਧਰਤਾ ਸੀ । ਆਲੇ-ਦੁਆਲੇ ਦੇ ਪਿੰਡਾਂ ਵਿਚ ਉਸਦਾ ਹੀ ਹੁਕਮ ਚਲਦਾ ਸੀ । ਜਾਂ ਪਿੰਡ ਦੇ ਨੇੜੇ ਗਏ ਤਾਂ ਗੁਰੂ ਜੀ ਇਕ ਥਾਂ ਰੁਕ ਗਏ । ਇਹ ਉਹ ਥਾਂ ਸੀ ਜਿਸਨੂੰ ਗੁਰੂ ਤੇਗ ਬਹਾਦਰ ਜੀ ਨੇ ਭਾਗ ਲਾਏ ਸਨ । ਗੁਰੂ ਜੀ ਨੇ ਇਥੇ ਡੇਰਾ ਲਾਇਆ ਅਤੇ



ਨਾਂ 'ਦਮਦਮਾ' ਰੱਖਿਆ ।

ਭਾਈ ਡੱਲੇ ਦੀ ਸਲਾਹ ਉੱਤੇ ਗੁਰੂ ਜੀ ਨੇ ਤਨਖਾਹਦਾਰ ਫੌਜੀਆਂ ਨੂੰ ਤਨਖਾਹਾਂ ਦੇ ਕੇ ਵਿਦਾ ਕਰ ਦਿੱਤਾ । ਇਥੇ ਦੂਰੋਂ-ਦੂਰੋਂ ਸੰਗਤਾਂ ਆਉਂਣ ਲੱਗੀਆਂ ਅਤੇ ਰੌਣਕਾਂ ਲਗ ਗਈਆਂ । ਗੁਰੂ ਜੀ ਨੇ ਇਸ ਧਰਤੀ ਨੂੰ ਵਰ ਦਿੱਤਾ ਕਿ "ਇਥੇ ਨਹਿਰਾਂ ਚੱਲਣਗੀਆਂ, ਅੰਬ ਲੱਗਣਗੇ, ਕਣਕ ਪੈਦਾ ਹੋਵੇਗੀ, ਇਤਿਆਦ ।

ਇਕ ਦਿਨ ਦੀਵਾਨ ਦੀ ਸਮਾਪਤੀ 'ਤੇ ਡੱਲੇ ਨੇ ਗੁਰੂ ਜੀ 'ਤੇ ਆਏ ਕਸ਼ਟਾਂ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਦੁਖ ਪ੍ਰਗਟ ਕਰਦਿਆਂ ਆਖਿਆ, "ਸੱਚੇ ਪਾਤਸ਼ਾਹ ! ਜੇ ਕਿਤੇ ਜੰਗਾਂ ਸਮੇਂ ਆਪ ਮੈਨੂੰ ਯਾਦ ਕਰਦੇ ਤਾਂ ਮੇਰੇ ਜਵਾਨ ਤੁਰਕਾਂ ਨੂੰ ਨਿੱਸਲ ਕਰਕੇ ਭਜਾ ਦਿੰਦੇ ।" ਗੁਰੂ ਜੀ ਨੇ ਆਖਿਆ, "ਤੇਰੇ ਜਵਾਨ ਸਰੀਰੋ ਤਾਂ ਚੰਗੇ ਤਕੜੇ ਹਨ ਪਰ ਇਨ੍ਹਾਂ ਵਿਚ ਉਹ ਸਿਦਕ, ਭਰੋਸਾ ਨਹੀਂ ਜੋ ਅੰਮ੍ਰਿਤ ਛਕਣ ਨਾਲ ਪੈਦਾ ਹੁੰਦਾ ਹੈ ।" ਜਦ ਡੱਲੇ ਨੇ ਫਿਰ ਉਨ੍ਹਾਂ ਦੀਆਂ ਸਿਫਤਾਂ ਕੀਤੀਆਂ ਤਾਂ ਗੁਰੂ ਜੀ ਨੇ ਆਖਿਆ, "ਜੋ ਹੋਇਆ ਸੋ ਹੋਇਆ, ਮੌਕਾ ਬਨਣ ਤੇ ਅੱਗੋਂ ਖਿਆਲ ਰੱਖਣਾ ।"

ਇਨੇ ਨੂੰ ਲਾਹੌਰ ਤੋਂ ਕੁਝ ਸੰਗਤ ਆਣ ਪੁੱਜੀ ਜਿਨ੍ਹਾਂ ਚੋਂ ਇਕ ਸਿੱਖ ਨੇ ਇਕ ਵਧੀਆਂ ਬੰਦੂਕ ਭੇਟ ਕੀਤੀ । ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਡੱਲੇ ਨੂੰ ਆਖਣ ਲੱਗੇ, "ਡੱਲਿਆ ਬੀਰਾ ! ਅਸਾਂ ਇਸ ਬੰਦੂਕ ਦਾ ਨਿਸ਼ਾਨਾ ਪਰਖਣਾ ਹੈ, ਆਪਣੇ ਦੋ ਕੁ ਜਵਾਨਾਂ ਨੂੰ ਆਖੋ ਅੱਗੇ ਖੜੇ ਹੋ ਜਾਣ ।"

ਡੱਲੇ ਨੇ ਆਪਣੇ ਜਵਾਨਾਂ ਨੂੰ ਬਥੇਰਾ ਆਖਿਆ ਪਰ ਕਿਸੇ ਨੇ ਹੀਆ ਨਾ ਕੀਤਾ । ਫਿਰ ਗੁਰੂ ਜੀ ਨੇ ਦੋ ਸਿੱਖਾਂ, ਭਾਈ ਵੀਰ ਸਿੰਘ ਤੇ ਭਾਈ ਧੀਰ ਸਿੰਘ ਵੱਲ ਇਸ਼ਾਰਾ ਕਰਕੇ ਆਖਿਆ ਕਿ ਕੋਈ ਉਨ੍ਹਾਂ 'ਚੋਂ ਇਕ ਨੂੰ ਆਖੋ ਕਿ ਬੰਦੂਕ ਦਾ ਨਿਸ਼ਾਨਾ ਪਰਖਣ ਲਈ ਆ ਜਾਵੇ । ਹੁਕਮ ਸੁਣਦਿਆਂ ਸਾਰ ਦੋਵੇਂ ਜਣੇ ਅੱਗੜ-ਪਿੱਛੜ ਭੱਜੇ ਆਏ ਅਤੇ ਇਕ ਦੂਜੇ ਦੇ ਮੂਹਰੇ ਖੜੇ ਹੋਣ ਦੀ ਜ਼ਿੱਦ ਕਰਨ ਲੱਗੇ । ਆਖਿਰ ਗੁਰੂ ਜੀ ਨੇ ਆਖਿਆ ਕਿ ਜਿਵੇਂ ਹੋ ਤਿਵੇਂ ਖੜੇ ਰਹੋ । ਗੁਰੂ ਜੀ ਨੇ ਬੰਦੂਕ ਚਲਾਈ ਅਤੇ ਗੋਲੀ ਉਨ੍ਹਾਂ ਦੇ ਸਿਰਾਂ ਉੱਤੋਂ ਦੀ ਲੰਘ ਗਈ । ਡੱਲਾਂ ਦੰਗ ਰਹਿ ਗਿਆ । ਉਸਦਾ ਹੰਕਾਰ ਦੂਰ ਹੋ ਗਿਆ ਅਤੇ ਅੰਮ੍ਰਿਤ ਛਕਕੇ ਭਾਈ ਡੱਲਾ ਸਿੰਘ ਬਣ ਗਿਆ । ਹਜ਼ਾਰਾਂ ਹੋਰ ਸਿੱਖਾਂ ਨੇ ਵੀ ਅੰਮ੍ਰਿਤ ਪਾਨ ਕੀਤਾ ।

ਇਕ ਦਿਨ ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਜੀ ਅਤੇ ਭਾਈ ਮਨੀ ਸਿੰਘ ਜੀ ਗੁਰੂ ਜੀ ਦੇ ਦਰਸ਼ਨਾਂ ਨੂੰ ਦਿੱਲੀਓਂ ਆਣ ਪੁੱਜੇ । ਮਾਤਾ ਜੀ ਨੇ ਪੁੱਛਿਆ, "ਮੇਰੇ ਚਾਰੇ ਲਾਲ ਕਿੱਥੇ ਜੇ ?" ਗੁਰੂ ਜੀ ਨੇ ਉੱਤਰ ਦਿਤਾ, "ਉਹ

ਚਾਰੇ ਧਰਮ ਬੀਰ ਅਕਾਲ ਪੁਰਖ ਦੀ ਗੋਦ ਵਿਚ ਜਾ ਬਿਰਾਜੇ ਹਨ । ਸਾਡਾ ਅਮਰ ਪੁੱਤਰ 'ਪੰਥ ਖਾਲਸਾ' ਜਿਊਂਦਾ ਹੈ ਅਤੇ ਸਦਾ ਜਿਊਂਦਾ ਰਹੇਗਾ ":-

**ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ ।**

**ਚਾਰ ਮੁਏ ਤੋ ਕਿਆ ਭਇਆ, ਏ ਜੀਵਤ ਕਈ ਹਜ਼ਾਰ ।**

ਗੁਰੂ ਜੀ ਨੇ ਪੰਥ ਨੂੰ ਮੁੜ-ਸੰਗਠਿਤ ਕਰਨ ਲਈ ਹੁਕਮਨਾਮੇ ਭੇਜੇ, ਜਿਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲਿਆ । ਥੋੜੇ ਹੀ ਸਮੇਂ ਵਿਚ ਇੰਨੀਆਂ ਰੌਣਕਾਂ ਲੱਗ ਗਈਆਂ ਕਿ 80,000 ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕਰ ਲਿਆ ਅਤੇ ਸਿੰਘ ਸੱਜ ਗਏ ।

## 15. ਦਮਦਮੀ ਬੀੜ :-

ਇਥੇ ਹੀ ਗੁਰੂ ਸਾਹਿਬ ਨੇ ਸ੍ਰੀ (ਗੁਰੂ) ਗ੍ਰੰਥ ਸਾਹਿਬ ਨੂੰ ਅੰਤਮ ਸਰੂਪ ਦਿੱਤਾ ਜਿਸਨੂੰ ਲਿਖਣ ਦੀ ਸੇਵਾ ਭਾਈ ਮਨੀ ਸਿੰਘ ਜੀ ਨੇ ਕੀਤੀ । ਇਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕੀਤੀ ਗਈ । ਇਸ ਬੀੜ ਨੂੰ 'ਦਮਦਮੀ ਬੀੜ' ਕਿਹਾ ਜਾਂਦਾ ਹੈ । ਇਹ ਪੰਚਮ ਪਾਤਸ਼ਾਹ ਦੁਆਰਾ, ਭਾਈ ਗੁਰਦਾਸ ਜੀ ਰਾਹੀਂ, ਤਿਆਰ ਕਰਾਈ 'ਆਦਿ ਬੀੜ' ਨਾਲ ਹੂ-ਬ-ਹੂ ਮੇਲ ਖਾਂਦੀ ਹੈ । (ਆਦਿ ਬੀੜ ਕਰਤਾਰ ਪੁਰ ਦੇ ਸੋਢੀਆਂ ਪਾਸ ਹੈ, ਜਿਨ੍ਹਾਂ ਨੇ ਦਸ਼ਮੇਸ਼ ਜੀ ਨੂੰ ਦਮਦਮੀ ਬੀੜ ਤਿਆਰ ਕਰਨ ਲਈ ਆਦਿ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ ਸੀ ।)

ਗੁਰੂ ਸਾਹਿਬ ਨੇ ਦਮਦਮਾ ਸਾਹਿਬ ਨੂੰ 'ਗੁਰੂ ਕੀ ਕਾਂਸ਼ੀ' ਹੋਣ ਦਾ ਵਰ ਬਖਸ਼ਿਆ ਅਤੇ ਫਰਮਾਇਆ ਕਿ ਇਥੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਵਿਦਿਆ ਪ੍ਰਾਪਤ ਕਰਿਆ ਕਰਨਗੇ ।

ਇਥੇ ਹੀ ਫੂਲ ਵੰਸ਼ ਦੇ ਤਿਲੋਕ ਸਿੰਘ ਅਤੇ ਰਾਮ ਸਿੰਘ ਨੇ ਗੁਰੂ ਜੀ ਪਾਸੋਂ ਅੰਮ੍ਰਿਤ-ਪਾਨ ਕੀਤਾ । (ਇਨ੍ਹਾਂ ਦੋਵਾਂ ਨੇ ਬੜੀ ਵਿਧੀ ਨਾਲ ਚਮਕੌਰ ਦੇ ਮੈਦਾਨੇ-ਜੰਗ ਵਿਚੋਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦੀਆਂ ਪਾਵਨ ਲੋਥਾਂ ਲੱਭਕੇ ਸਸਕਾਰ ਕੀਤਾ ਸੀ।) ਜਦ ਗੁਰੂ ਜੀ ਨੇ ਪ੍ਰਸੰਨ ਹੋ ਕੇ ਇਨ੍ਹਾਂ ਨੂੰ ਕੁਛ ਮੰਗਣ ਲਈ ਆਖਿਆ ਤਾਂ ਇਨ੍ਹਾਂ ਨੇ ਜ਼ਮੀਨਾਂ ਦੀ ਮੰਗ ਕੀਤੀ । ਗੁਰੂ ਜੀ ਨੇ ਫਰਮਾਇਆ, "ਤੁਸੀਂ ਨਿਰੇ ਜ਼ਮੀਨਾਂ ਦੇ ਨਹੀਂ, ਰਾਜ-ਭਾਗ ਦੇ ਮਾਲਕ ਵੀ ਹੋਵੋਗੇ ।"

ਇੱਥੇ ਹੀ ਔਰੰਗਜ਼ੇਬ ਦੀ ਇਕ ਹੋਰ ਚਿੱਠੀ ਮਿਲੀ, ਜਿਸ ਵਿਚ ਉਸਨੇ ਪਿਛਲੀਆਂ ਗ਼ਲਤੀਆਂ ਲਈ ਪਛਤਾਵਾ ਕੀਤਾ ਹੋਇਆ ਸੀ ਅਤੇ ਸੱਚੇ ਦਿਲੋਂ ਗੁਰੂ ਜੀ ਨੂੰ ਮਿਲਨ ਦੀ ਚਾਹਤ ਪ੍ਰਗਟ ਕੀਤੀ ਹੋਈ ਸੀ । ਉਸਨੇ ਆਪਣੀ



ਬੀਮਾਰੀ ਅਤੇ ਬੁਢਾਪੇ ਕਾਰਨ ਆਪਣੇ ਨਾ ਆ ਸਕਣ ਦੀ ਮਜਬੂਰੀ ਵੀ ਦੱਸੀ ਹੋਈ ਸੀ । ਉਸਨੇ ਆਪਣੇ ਵੱਡੇ ਵਜ਼ੀਰ ਨੂੰ ਵੀ ਲਿਖਿਆ ਸੀ ਕਿ ਗੁਰੂ ਜੀ ਦੀ ਹਿਫ਼ਾਜ਼ਤ ਦਾ ਪੂਰਾ ਪ੍ਰਬੰਧ ਕੀਤਾ ਜਾਵੇ ਅਤੇ ਜੇ ਗੁਰੂ ਜੀ ਚਾਹੁੰਣ ਤਾਂ ਰਸਤੇ ਦਾ ਖਰਚ ਵੀ ਦਿੱਤਾ ਜਾਵੇ ।

ਜਦ ਗੁਰੂ ਜੀ ਨੇ ਦੱਖਣ ਜਾਣ ਦੀ ਗੱਲ ਕੀਤੀ ਤਾਂ ਸਿੰਘਾਂ ਨੇ ਰੋਹ ਵਿਚ 'ਭੱਠ ਪਿਆ ਦੱਖਣ' ਆਖਿਆ ਅਤੇ ਉਧਰ ਨਾ ਜਾਣ ਦੀ ਸਲਾਹ ਦਿੱਤੀ । ਪਰ ਗੁਰੂ ਜੀ ਨੇ ਆਖਿਆ, "ਐਸਾ ਨਾ ਆਖੋ, ਦੱਖਣ ਵੀ ਮੈਨੂੰ ਪਿਆਰਾ ਹੈ ਉਥੇ ਕਈ ਕੰਮ ਸੰਵਰਨਗੇ ।"

ਦਮਦਮਾ ਸਾਹਿਬ (ਤਲਵੰਡੀ ਸਾਬੋ) ਗੁਰੂ ਜੀ ਸਾਢੇ ਨੌ ਮਹੀਨੇ ਰਹੇ । ਪਰਵਾਰ ਨੂੰ ਦਿੱਲੀ ਵੱਲ ਤੋਰ ਆਪ ਜੀ ਰਾਜਪੂਤਾਨੇ ਵੱਲ ਚਲੇ ਗਏ । ਥਾਂ-ਥਾਂ ਸੰਗਤਾਂ ਨੂੰ ਉਪਦੇਸ਼ ਦਿੰਦੇ ਹੋਏ ਦਾਦੂ ਦੁਆਰੇ ਪੁੱਜੇ । ਉਥੇ ਦੇ ਮਹੰਤ ਜੈਤ ਰਾਮ ਨੂੰ ਸੂਰਮਤਾਈ ਦਾ ਉਪਦੇਸ਼ ਦਿੱਤਾ । ਇਥੇ ਹੀ ਆਪ ਜੀ ਨੇ ਦਾਦੂ ਜੀ ਦੀ ਸਮਾਧ ਨੂੰ ਕਮਾਨ ਦਾ ਸਿਰਾ ਨਿਵਾ ਕੇ ਪਰਨਾਮ ਕੀਤਾ । ਸਿੰਘਾਂ ਨੇ ਗੁਰੂ ਜੀ ਨੂੰ ਮੜ੍ਹੀ ਪੂਜਣ ਦਾ ਦੋਸ਼ੀ ਠਹਿਰਾਇਆ ਅਤੇ ਤਨਖਾਹ ਲਾਈ ਜੋ ਉਨ੍ਹਾਂ ਖਿੜੇ ਮੱਥੇ ਪਰਵਾਨ ਕੀਤੀ ਅਤੇ ਸਿੰਘਾਂ ਨੂੰ ਸ਼ਾਬਾਸ਼ ਵੀ ਦਿੱਤੀ ਅਤੇ ਆਖਿਆ ਕਿ ਇਹ ਉਨ੍ਹਾਂ ਨੇ ਪਰਤਾਵਾ ਲੈਣ ਲਈ ਹੀ ਕੀਤਾ ਸੀ ।

**ਔਰੰਗਜ਼ੇਬ ਦੀ ਮੌਤ** :- ਗੁਰੂ ਜੀ ਰਾਜਪੂਤਾਨੇ ਵਿਚ ਉਧੇਪੁਰ ਦੇ ਨਗਰ ਬਘੌਰ (ਬਾਗੌਰ) ਵਿਚ ਹੀ ਸਨ ਕਿ ਉਨ੍ਹਾਂ ਨੂੰ ਔਰੰਗਜ਼ੇਬ ਦੀ ਅਹਿਮਦ ਨਗਰ ਵਿਚ ਮਿਤੀ 20 ਫਰਵਰੀ 1707 ਨੂੰ ਹੋਈ ਮੌਤ ਬਾਰੇ ਪਤਾ ਲੱਗਾ, ਜਿਸ ਕਾਰਨ ਉਨ੍ਹਾਂ ਨੂੰ ਆਪਣਾ ਸਾਰਾ ਪ੍ਰੋਗਰਾਮ ਬਦਲਨਾ ਪਿਆ ।

## 16. ਮੁਅੱਜ਼ਮ (ਬਹਾਦਰ ਸ਼ਾਹ) ਨਾਲ ਭੇਂਟ :-

ਇਧਰ ਔਰੰਗਜ਼ੇਬ ਦੀ ਮੌਤ ਪਿੱਛੋਂ ਉਸਦੇ ਪੁੱਤਰਾਂ (ਮੁਅੱਜ਼ਮ, ਆਜ਼ਮ ਅਤੇ ਕਾਮ ਬਖ਼ਸ਼) ਵਿਚਕਾਰ ਦਿੱਲੀ ਦੇ ਤਖ਼ਤ ਲਈ ਝਗੜਾ ਸ਼ੁਰੂ ਹੋ ਗਿਆ । ਸ਼ਹਿਜ਼ਾਦਾ ਮੁਅੱਜ਼ਮ, ਜੋ ਬਾਅਦ ਵਿਚ ਬਹਾਦਰਸ਼ਾਹ ਬਣਿਆ, ਨੇ ਭਾਈ ਨੰਦ ਲਾਲ ਰਾਹੀਂ ਗੁਰੂ ਜੀ ਤੋਂ ਅਸ਼ੀਰਵਾਦ ਅਤੇ ਮਦਦ ਮੰਗੀ । ਗੁਰੂ ਜੀ ਮੁਅੱਜ਼ਮ ਨੂੰ ਉਸਦੇ ਪਿਤਾ ਔਰੰਗਜ਼ੇਬ ਨਾਲੋਂ ਚੰਗਾ ਅਤੇ ਖੁਲਦਿਲਾ ਮੰਨਦੇ ਸਨ । ਉਨ੍ਹਾਂ ਭਾਈ ਧਰਮ ਸਿੰਘ ਦੀ ਕਮਾਨ ਹੇਠ ਦੋ ਤਿੰਨ ਸੌ ਘੋੜ-ਚੜ੍ਹੇ ਚੋਣਵੇਂ ਸਿੰਘਾਂ ਦਾ ਇਕ ਦਸਤਾ ਭੇਜਿਆ । 8 ਜੂਨ 1707 ਨੂੰ ਆਗਰੇ ਨੇੜੇ ਜਾਜੋਂ ਵਿਖੇ ਹੋਈ ਲੜਾਈ ਵਿਚ ਸ਼ਹਿਜ਼ਾਦਾ ਆਜ਼ਮ ਪੁੱਤਰ ਸਮੇਤ ਮਾਰਿਆ ਗਿਆ । ਸ਼ਹਿਜ਼ਾਦਾ ਮੁੱਅਜ਼ਮ ਦਿੱਲੀ ਦੇ ਤਖ਼ਤ ਉੱਤੇ ਬੈਠਾ । ਕਿਉਂਕਿ ਉਸ ਵੇਲੇ ਉਹ ਆਪ ਆਉਣੋਂ ਅਸਮਰੱਥ ਸੀ, ਉਸਨੇ ਆਪਣੇ ਵਜ਼ੀਰ ਖ਼ਾਨਿ-ਖਾਨਾਂ ਰਾਹੀਂ ਗੁਰੂ

ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ । ਗੁਰੂ ਜੀ 23 ਜੁਲਾਈ 1707 ਨੂੰ ਮਥਰਾ, ਬਿੰਦਰਾਬਨ ਤੋਂ ਹੁੰਦੇ ਹੋਏ ਆਗਰਾ ਪੁੱਜੇ । ਮੁੱਅਜ਼ਮ (ਬਹਾਦਰਸ਼ਾਹ) ਨੇ ਖ਼ਾਨਿ-ਖਾਨਾਂ ਮੁਨਈਮ ਖਾਂ ਨੂੰ ਅੱਗੋਂ ਸਵਾਗਤ ਲਈ ਭੇਜਿਆ । *23 ਜੁਲਾਈ ਨੂੰ ਮੁਲਾਕਾਤ ਹੋਈ । ਮੁਲਾਕਾਤ ਵਾਲੇ ਦਿਨ ਗੁਰੂ ਜੀ ਕਲਗੀ ਲਗਾ, ਸ਼ਸਤਰ ਸਜਾ, ਘੋੜੇ 'ਤੇ ਸਵਾਰ ਹੋ ਕੇ ਆਏ । ਬਹਾਦਰ ਸ਼ਾਹ ਕਿਲ੍ਹੇ ਦੇ ਮੁੱਖ ਦੁਆਰ ਤੱਕ ਅਗੋਂ ਲੈਣ ਆਇਆ । ਦਰਬਾਰ ਵਿਚ ਸਭ ਨੇ ਉਠਕੇ ਸਤਿਕਾਰ ਕੀਤਾ । ਬਾਦਸ਼ਾਹ ਨੇ ਭੇਟ ਵਜੋਂ ਸੱਠ ਹਜ਼ਾਰ ਦੀ ਜੜਾਊ ਧੁਖਧੁਖੀ, ਕਲਗੀ ਅਤੇ ਸਿਰੋਪਾਓ ਦਿੱਤੇ । ਗੁਰੂ ਜੀ ਨੇ ਇਹ ਸਭ ਚੀਜ਼ਾਂ ਇਕ ਸਿੱਖ ਦੇ ਰਾਹੀਂ ਆਪਣੇ ਡੇਰੇ ਭੇਜ ਦਿੱਤੀਆਂ । (ਆਮ ਕਰਕੇ ਸਿਰੋਪਾਓ ਆਦਿ ਬਾਦਸ਼ਾਹ ਦੇ ਸਾਹਮਣੇ ਪਹਿਨਣੇ ਪੈਂਦੇ ਹਨ । ਇਨ੍ਹਾਂ ਦਾ ਨਾ ਪਹਿਨਣਾ ਦਸਦਾ ਸੀ ਕਿ ਉਹ ਗੁਰੂ ਜੀ ਨੂੰ ਦੀਨੀ ਆਗੂ ਮੰਨਦਾ ਸੀ ਅਤੇ ਉਸ ਅਨੁਸਾਰ ਯੋਗ ਸਨਮਾਨ ਦੇਣਾ ਠੀਕ ਸਮਝਦਾ ਸੀ ।) ਬਾਦਸ਼ਾਹ ਨੇ ਤਖ਼ਤ ਪ੍ਰਾਪਤੀ ਲਈ ਗੁਰੂ ਜੀ ਦੁਆਰਾ ਦਿੱਤੀ ਮਦਦ ਲਈ ਧੰਨਵਾਦ ਕੀਤਾ ਅਤੇ ਕਿਹਾ: "ਬੜੀ ਕਿਰਪਾ ਕੀਤੀ । ਦਰਸ਼ਨ ਦਿੱਤੇ । ਇਹ ਰਾਜ ਆਪ ਜੀ ਦੀ ਕਿਰਪਾ ਅਤੇ ਦਇਆ ਸਦਕਾ ਹੀ ਪ੍ਰਾਪਤ ਹੋਇਆ ਹੈ । ਆਪ ਜੀ ਦੇ ਵਾਜਬ ਹੁਕਮ ਖਿੜੇ-ਮੱਥੇ ਪੂਰੇ ਕਰਨ ਦਾ ਜਤਨ ਕਰਾਂਗਾ ।"

ਇੰਨਾ ਸਤਿਕਾਰ ਵੇਖ ਕੱਟੜ-ਪੰਥੀਆਂ ਨੇ ਰੋਸ ਮਨਾਇਆ ਪਰ ਬਾਦਸ਼ਾਹ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਮੇਰੀ ਪਰਜਾ ਨਹੀਂ ਦੀਨੀ ਆਗੂ ਹਨ । ਕੱਟੜ-ਪੰਥੀਆਂ ਨੇ ਆਖਿਆ ਕਿ ਜੇ ਇਹ ਦੀਨੀ ਆਗੂ ਹਨ ਤਾਂ ਕਰਾਮਾਤ ਦਿਖਾਉਂਣ । ਜਦ ਬਹਾਦਰ ਸ਼ਾਹ ਨੇ ਗੁਰੂ ਜੀ ਵੱਲ ਤੱਕਿਆ ਤਾਂ ਗੁਰੂ ਜੀ ਨੇ ਫਰਮਾਇਆ ਕਿ ਕਰਾਮਾਤ ਦਾ ਮਾਲਕ ਸਿਰਫ ਅੱਲਾਹ ਹੈ । ਹੋਰ ਕਿਸੇ ਉਸਦੇ ਪਿਆਰੇ ਨੂੰ ਕਰਾਮਾਤ ਦਿਖਾਉਂਣੀ ਸੋਭਦੀ ਨਹੀਂ । ਜਦ ਸਭ ਨੇ ਜ਼ਿੱਦ ਹੀ ਫੜ ਲਈ ਤਾਂ ਗੁਰੂ ਜੀ ਨੇ ਬਾਦਸ਼ਾਹ ਵੱਲ ਉਂਗਲੀ ਕਰਕੇ ਕਿਹਾ, "ਬਾਦਸ਼ਾਹ ਹੀ ਕਰਾਮਾਤ ਹੈ । ਜਿਸ ਦਾ ਜੀਅ ਚਾਹੇ, ਹੁਕਮ ਕਰਕੇ, ਸਿਰ ਕਟਾ ਦੇਵੇ, ਜਿਸਦਾ ਜੀਅ ਚਾਹੇ, ਜਾਨ-ਬਖ਼ਸ਼ੀ ਕਰ ਦੇਵੇ । ਸਿਆਸੀ ਤਾਕਤ ਕਰਾਮਾਤ ਹੀ ਤਾਂ ਹੈ ।" ਪਰ ਉਹ ਤਾਂ ਗੁਰੂ ਜੀ ਦੀ ਕਰਾਮਾਤ ਪਰਖਣਾ ਚਾਹੁੰਦੇ ਸਨ । ਫਿਰ ਗੁਰੂ ਜੀ ਨੇ ਇਕ ਸੋਨੇ ਦੀ ਮੋਹਰ ਜੇਬ ਵਿਚੋਂ ਕੱਢੀ ਅਤੇ ਆਖਿਆ, "ਪੈਸਾ ਵੀ ਇਕ ਕਰਾਮਾਤ ਹੈ । ਇਸ ਦੀ ਸ਼ਕਤੀ ਨਾਲ ਸਿਆਸਤ ਵੀ ਖਰੀਦੀ ਜਾ ਸਕਦੀ ਹੈ ।" ਪਰ ਉਹ ਤਾਂ ਗੁਰੂ ਜੀ ਦੀ ਸ਼ਕਤੀ ਵੇਖਣਾ ਚਾਹੁੰਦੇ ਸਨ।

---

* ਗੰਡਾ ਸਿੰਘ : ਬੰਦਾ ਸਿੰਘ ਬਹਾਦਰ: ਪੰਜਾਬੀ ਯੂਨੀਵਰਸਿਟੀ, ਪਟਿਆਲਾ: ਪੰਨਾ:5



ਜਦ ਉਹ ਆਪਣੀ ਜ਼ਿੱਦ ਤੋਂ ਨਾ ਹੀ ਹਟੇ ਤਾਂ ਗੁਰੂ ਜੀ ਨੇ ਤਲਵਾਰ ਮਿਆਨੋਂ ਕੱਢ ਲਈ ਅਤੇ ਗੱਜ ਕੇ ਆਖਿਆ, "ਜੋ ਸਿੱਧੀ ਗੱਲ ਨੂੰ ਨਾ ਸੁਣੇ, ਨਾ ਸਮਝੇ, ਉਸ ਲਈ ਫਿਰ ਇਹ ਕਰਾਮਾਤ ਹੈ । ਇਸ ਨਾਲ ਰਾਜਸੀ ਸ਼ਕਤੀ ਵੀ ਪ੍ਰਾਪਤ ਕੀਤੀ ਜਾਂਦੀ ਹੈ, ਰਾਜ ਖੋਹੇ ਜਾਂਦੇ ਹਨ ਅਤੇ ਜ਼ੁਲਮ ਮਿਟਾਏ ਜਾਂਦੇ ਹਨ ।" ਇਹ ਸੁਣਕੇ ਸਾਰੇ ਚੁੱਪ ਹੋ ਗਏ ।

ਮੁੱਲਾਂ ਤੇ ਕਾਜ਼ੀਆਂ ਦਾ ਦੂਜਾ ਸਵਾਲ ਸੀ, "ਮਜ਼ਹਬ ਕਿਹੜਾ ਵਧੀਆ ਹੈ, ਤੁਹਾਡਾ ਕਿ ਅਸਾਡਾ ?" ਗੁਰੂ ਜੀ ਨੇ ਉੱਤਰ ਦਿੱਤਾ, "ਤੁਸਾਂ ਲਈ ਤੁਹਾਡਾ ਅਤੇ ਅਸਾਂ ਲਈ ਅਸਾਡਾ ।"

ਬਹਾਦਰ ਸ਼ਾਹ ਨੇ ਗੁਰੂ ਜੀ ਨਾਲ ਹੋਈਆਂ ਵਧੀਕੀਆਂ ਬਾਰੇ ਹਮਦਰਦੀ ਪੇਸ਼ ਕੀਤੀ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਭਰੋਸਾ ਦਿਵਾਇਆ । ਨਾਲ ਹੀ ਸਰਹਿੰਦ ਦੇ ਸੂਬੇ ਨੂੰ ਹੁਕਮ ਭੇਜਿਆ ਕਿ ਗੁਰੂ ਜੀ ਦੇ ਖਰਚ ਲਈ 300 ਰੁਪੈ ਰੋਜ਼ਾਨਾ ਦਿੱਤੇ ਜਾਇਆ ਕਰਨ । ਇਨਾਂ ਗੱਲਾਂ ਤੋਂ ਸੂਬਾ ਸਰਹਿੰਦ ਨੂੰ ਆਪਣੀ ਜਾਨ ਦੀ ਫਿਕਰ ਪੈ ਗਈ ।

ਫਿਰ ਮੁਲਾਕਾਤਾਂ ਦਾ ਸਿਲਸਿਲਾ ਚਲਦਾ ਰਿਹਾ ਅਤੇ ਗੱਲਾਂ-ਬਾਤਾਂ ਹੁੰਦੀਆਂ ਰਹੀਆਂ । ਇਕ ਦਿਨ ਇਕ ਮੌਲਵੀ ਨੇ ਦਾਅਵਾ ਕੀਤਾ ਕਿ ਰੋਜ਼-ਏ-ਹਸ਼ਰ ਉਹ ਹੀ ਸੁਰਖ਼ਰੂ ਹੋਵੇਗਾ ਜਿਸਦੀ ਹਜ਼ਰਤ ਸਾਹਿਬ ਸਿਫਾਰਿਸ਼ ਕਰਨਗੇ ਜਾਂ ਉਹ ਜੋ ਉਸ ਉੱਤੇ ਇਤਮੀਨਾਨ (ਯਕੀਨ) ਰੱਖਣਗੇ । ਗੁਰੂ ਜੀ ਨੇ ਇਸ ਬਾਰੇ ਸਪਸ਼ਟ ਕੀਤਾ ਕਿ ਉੱਥੇ ਅਮਲਾਂ ਉੱਤੇ ਗੱਲ ਮੁੱਕਣੀ ਹੈ, ਖੋਟੇ ਅਤੇ ਖਰੇ ਪਛਾਣੇ ਜਾਣੇ ਹਨ, ਉਸਦੀ ਦਰਗਾਹ ਵਿਚ ਸਿਫਾਰਿਸ਼ਾਂ ਨਹੀਂ ਚਲਦੀਆਂ। ਨਾਲ ਹੀ ਗੁਰੂ ਜੀ ਨੇ ਇਕ ਕਰਮਚਾਰੀ ਨੂੰ ਇੱਕ ਸਿੱਕਾ ਦਿੱਤਾ ਕਿ ਬਾਜ਼ਾਰ ਵਿਚੋਂ ਇਸਦਾ ਮੁੱਲ ਪਵਾ ਲਿਆਵੇ । ਬਾਜ਼ਾਰ ਤੋਂ ਵਾਪਸ ਆ ਕੇ ਕਰਮਚਾਰੀ ਨੇ ਆਖਿਆ ਕਿ ਬਾਜ਼ਾਰ ਵਿਚ ਇਸ ਨੂੰ ਕਿਸੇ ਨੇ ਪਰਵਾਨ ਨਹੀਂ ਕੀਤਾ । ਗੁਰੂ ਜੀ ਨੇ ਆਖਿਆ, "ਬਾਦਸ਼ਾਹ ਦੇਖੋ ! ਇਸ ਉੱਤੇ ਤੁਹਾਡੀ ਮੋਹਰ ਲੱਗੀ ਹੋਈ ਹੈ ਪਰ ਫਿਰ ਵੀ ਇਸਨੂੰ ਕੋਈ ਪਰਵਾਨ ਨਹੀਂ ਕਰਦਾ । ਬਾਦਸ਼ਾਹ ਨੇ ਜਦ ਸਿੱਕਾ ਗੌਰ (ਧਿਆਨ) ਨਾਲ ਦੇਖਿਆ ਤਾਂ ਆਖਿਆ, "ਸਿੱਕੇ ਦੀ ਧਾਤ ਹੀ ਖੋਟੀ ਹੈ, ਮੋਹਰ ਕੀ ਕਰ ਸਕਦੀ ਹੈ ।" ਮਹਾਰਾਜ ਦਾ ਫੁਰਮਾਨ ਸੀ, "ਇਸੇ ਤਰ੍ਹਾਂ ਮਾਲਕ ਦੇ ਦਰ ਉੱਤੇ ਵੀ ਖੋਟੇ, ਖਰੇ ਪਰਖੇ ਜਾਣੇ ਹਨ । ਸ਼ੁਭ ਅਮਲਾਂ ਤੋਂ ਬਿਨਾਂ ਬਖ਼ਸ਼ਿਸ਼ ਹੋ ਜਾਵੇਗੀ, ਇਹ ਭੁਲੇਖਾ ਨਿਕਲ ਜਾਣਾ ਚਾਹੀਦਾ ਹੈ ।"

ਬਾਦਸ਼ਾਹ ਨਾਲ ਚਲ ਰਹੀ ਗੱਲ ਬਾਤ ਤੋਂ ਲਗਦਾ ਸੀ ਕਿ ਕੋਈ ਸਮਝੌਤਾ (ਅਹਿਦਨਾਮਾ) ਹੋ ਜਾਵੇਗਾ, ਜਿਸਦੀ ਰੂਪ ਰੇਖਾ ਇਸ ਪਰਕਾਰ ਸੀ:-

i) ਹਕੂਮਤ ਹਿੰਦੂਆਂ, ਮੁਸਲਮਾਨਾਂ ਅਤੇ ਹੋਰ ਸਭ ਫਿਰਕੇ ਦੇ ਲੋਕਾਂ ਨੂੰ ਬਰਾਬਰ ਸਮਝੇਗੀ ।

ii) ਪੂਰਾ-ਪੂਰਾ ਇਨਸਾਫ ਹਰ ਇਕ ਨੂੰ ਮਿਲੇਗਾ ।

iii) ਹਕੂਮਤ ਕਿਸੇ ਧਰਮ ਵਿਚ ਦਖਲ ਨਹੀਂ ਦੇਵੇਗੀ ।

iv) ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ ।

ਪਰ ਵਿੱਚੇ ਹੀ ਰਾਜਪੂਤਾਨੇ ਤੋਂ ਖ਼ਬਰ ਆ ਗਈ ਕਿ ਓਥੇ ਬਗ਼ਾਵਤ ਹੋਣ ਦੇ ਆਸਾਰ ਹਨ । ਨਵੰਬਰ 1707 ਵਿਚ ਬਹਾਦਰ ਸ਼ਾਹ ਉਥੇ ਚਲਾ ਗਿਆ । ਉਸਦੀ ਬੇਨਤੀ ਉੱਤੇ ਮਗਰੇ ਮਗਰ ਗੁਰੂ ਜੀ ਵੀ ਚਲੇ ਗਏ, ਪ੍ਰੰਤੂ ਰਾਜਪੂਤਾਨੇ ਦੀ ਹੱਦ ਉੱਤੇ ਜਾ ਕੇ ਗੁਰੂ ਜੀ ਨੂੰ ਪਤਾ ਲੱਗਾ ਕਿ ਬਾਦਸ਼ਾਹ ਦੱਖਣ ਨੂੰ ਚਲਾ ਗਿਆ ਹੈ ਜਿੱਥੇ ਉਸਦੇ ਤੀਸਰੇ ਭਾਈ ਕਾਮ ਬਖ਼ਸ਼ ਨੇ ਬਗਾਵਤ ਕਰ ਦਿੱਤੀ ਸੀ ।

ਇਸ ਤਰ੍ਹਾਂ ਰਾਬਤਾ ਟੁੱਟ ਗਿਆ । ਉਂਜ ਵੀ ਗੁਰੂ ਜੀ ਭਾਂਪ (ਜਾਣ) ਗਏ ਸਨ ਕਿ ਬਾਦਸ਼ਾਹ ਆਪਣੀਆਂ ਮੁੱਢਲੀਆਂ ਮੁਸ਼ਕਿਲਾਂ ਕਾਰਨ ਅਜੇ ਟਾਲਮ-ਟੋਲ ਕਰ ਰਿਹਾ ਹੈ । ਕਿਉਂਕਿ, ਕੋਈ ਵੀ ਸਮਝੌਤਾ ਕਰਨ ਤੋਂ ਪਹਿਲਾਂ ਮੁੱਲਾਂ, ਕਾਜ਼ੀਆਂ ਅਤੇ ਸਾਰੇ ਕੱਟੜ-ਪੰਥੀਆਂ ਨੂੰ ਭਰੋਸੇ ਵਿਚ ਲੈਣਾ ਜ਼ਰੂਰੀ ਸੀ ਪਰ ਇਹ ਕੋਈ ਸੌਖੀ ਗੱਲ ਨਹੀਂ ਸੀ । ਉਂਜ ਬਾਦਸ਼ਾਹ ਗੁਰੂ ਜੀ ਦੀ ਅਜ਼ਮਤ ਦਾ ਕਾਇਲ (ਵਡਿਆਈ ਤੋ ਜਾਣੂ) ਸੀ । (ਇਸਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਗੁਰੂ ਜੀ ਦੇ ਜੋਤੀ-ਜੋਤਿ ਸਮਾਉਂਣ ਉਪ੍ਰੰਤ ਬਾਦਸ਼ਾਹ ਨੂੰ ਰੀਪੋਰਟ ਮਿਲੀ ਕਿ ਗੁਰੂ ਜੀ ਦੀ ਜਾਇਦਾਦ ਬਾਰੇ ਹੁਕਮ ਜਾਰੀ ਕੀਤੇ ਜਾਣ । ਪ੍ਰੰਪਰਾ ਅਨੁਸਾਰ, ਅਜੇਹੀ ਜਾਇਦਾਦ (ਜੋ ਅਫਸਰਾਂ, ਜਗੀਰਦਾਰਾਂ ਜਾਂ ਸਿਰ-ਕੱਢ ਹਸਤੀਆਂ ਦੀ ਹੁੰਦੀ ਸੀ) ਜ਼ੱਬਤ ਕਰ ਲਈ ਜਾਂਦੀ ਸੀ । ਪਰ ਬਾਦਸ਼ਾਹ ਨੇ ਇਸ ਜਾਇਦਾਦ ਬਾਰੇ ਹੁਕਮ ਦਿਤਾ ਕਿ ਉਸਨੂੰ ਦਰਵੇਸ਼ ਦੀਆਂ ਚੀਜ਼ਾਂ ਦੀ ਲੋੜ ਨਹੀਂ, ਉਨ੍ਹਾਂ ਦੇ ਵਾਰਸਾਂ ਨੂੰ ਇਹ ਜਾਇਦਾਦ ਦੇ ਦਿੱਤੀ ਜਾਵੇ ।)

## 17. ਦੱਖਣ ਵੱਲ ਜਾਣਾ:-

ਫਿਰ ਗੁਰੂ ਜੀ ਦੱਖਣ ਵੱਲ ਬਾਦਸ਼ਾਹ ਤੋਂ ਵੱਖਰੇ ਚਲੇ ਗਏ । ਨੰਦੇੜ ਵਿਖੇ ਉਨ੍ਹਾਂ ਦਾ ਟਾਕਰਾ ਇਕ ਬੈਰਾਗੀ ਮਾਧੋ ਦਾਸ ਨਾਲ ਹੋਇਆ, ਜਿਸ ਬਾਰੇ ਗੁਰੂ ਜੀ ਨੂੰ ਪਹਿਲਾਂ ਹੀ ਪਤਾ ਲੱਗ ਚੁਕਾ ਸੀ । ਇਹ ਰਾਜੌਰੀ (ਕਸ਼ਮੀਰ) ਦਾ ਜੰਮ-ਪਲ ਸੀ ਅਤੇ ਆਪਣੀਆਂ ਰਿਧੀਆਂ-ਸਿਧੀਆਂ ਨਾਲ ਲੋਕਾਂ ਨੂੰ ਭਰਮ-ਜਾਲ ਵਿਚ ਪਾਉਂਦਾ ਸੀ । ਪਰ ਜਦੋਂ ਗੁਰੂ ਜੀ ਨਾਲ ਇਸਦੀ ਕੋਈ ਕਰਾਮਾਤ ਕਾਰਗਰ ਨਾ ਹੋਈ ਤਾਂ ਪੁੱਛਣ ਲੱਗਾ, “ਆਪ ਕੌਣ ਹੋ ?” ਗੁਰੂ ਜੀ ਨੇ ਆਖਿਆ,



“ਜਿਸਨੂੰ ਤੂੰ ਜਾਣਦਾ ਹੈਂ, ਮੈਂ ਤੈਨੂੰ ਆਪਣਾ ਸਿੱਖ ਬਨਾਉਣ ਲਈ ਆਇਆ ਹਾਂ।” ਤਾਂ ਕਹਿਣ ਲੱਗਾ, “ਆਪ ਗੁਰੂ ਗੋਬਿੰਦ ਸਿੰਘ ਜੀ ਹੋ? ਮੈਂ ਆਪ ਜੀ ਦਾ ਬੰਦਾ (ਦਾਸ) ਹਾਂ, ਮੈਨੂੰ ਸਿੱਖ ਬਣਨਾ ਪਰਵਾਨ ਹੈ ।” ਗੁਰੂ ਜੀ ਨੇ ਅੰਮ੍ਰਿਤ ਛਕਾਇਆ ਅਤੇ ਨਾਮ ਬੰਦਾ ਸਿੰਘ ਰੱਖਿਆ । ਫਿਰ, ਗੁਰੂ ਜੀ ਨੇ ਆਪਣੇ ਨਿਕਟ-ਵਰਤੀ ਪੰਜ ਸਿੰਘ ਨਾਲ ਦਿੱਤੇ ਅਤੇ ਆਪਣੇ ਭੱਥੇ ਵਿਚੋਂ ਕੁਝ ਤੀਰ, ਇਕ ਨਗਾਰਾ ਅਤੇ ਇਕ ਨਿਸ਼ਾਨ ਦੀ ਬਖ਼ਸ਼ਿਸ਼ ਕੀਤੀ ਅਤੇ ਆਗਿਆ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਅਤੇ ਹਰ ਕੰਮ ਅਰਦਾਸ ਸੋਧ ਕੇ ਕਰਨਾ । ਅੱਗੋਂ ਫੁਰਮਾਇਆ ਕਿ ਪੰਜਾਬ ਵਿਚ ਜਾ ਕੇ, ਜਿਨ੍ਹਾਂ ਦੁਸ਼ਟਾਂ-ਮਲੇਛਾਂ ਨੇ ਜ਼ੁਲਮ ਕੀਤੇ ਹਨ ਉਨ੍ਹਾਂ ਨੂੰ ਸੋਧਿਆ ਜਾਵੇ । ਇਹ ਵੀ ਆਖਿਆ ਕਿ ਇਨ੍ਹਾਂ ਪੰਜਾਂ ਸਿੰਘਾਂ ਦੀ ਸਲਾਹ ਨਾਲ ਹਰ ਕਦਮ ਪੁੱਟਣਾ ਅਤੇ ਜਦੋਂ ਕਿਤੇ ਬਹੁਤੀ ਭੀੜ ਬਣੇ ਤਾਂ ਇਨ੍ਹਾਂ ਤੀਰਾਂ ਦੀ ਵਰਤੋਂ ਕਰਨਾ ।

## 18. ਗੁਰੂ ਜੀ ਦੀ ਸ਼ਹਾਦਤ:-

ਬਹਾਦਰ ਸ਼ਾਹ ਨਾਲ ਗੁਰੂ ਜੀ ਦੀ ਨੇੜਤਾ ਤੋਂ ਵਜ਼ੀਰ ਖਾਂ ਬਹੁਤ ਡਰਦਾ ਸੀ । ਉਸਨੂੰ ਡਰ ਸੀ ਕਿ ਉਸ ਨਾਲ ਕਿਤੇ ਚੰਦੂ ਵਾਲੀ ਹੀ ਨਾ ਹੋਵੇ । ਇਸ ਲਈ ਉਸਨੇ ਗੁਰੂ ਜੀ ਨੂੰ ਕਤਲ ਕਰਾਉਂਣ ਦੀ ਯੋਜਨਾ ਬਣਾਈ ਅਤੇ ਇਸ ਮੰਤਵ ਲਈ ਦੋ ਪਠਾਣਾਂ, ਇਕ ਸਰਕਾਰੀ ਅਹੁਦੇਦਾਰ ਜਮਸ਼ੇਦ ਖਾਂ (ਜਸਦੀ ਮੌਤ ਪਿੱਛੋਂ ਹਕੂਮਤ ਵੱਲੋਂ ਇਕ ਫ਼ੁਰਮਾਨ ਰਾਹੀਂ ਉਸਦੇ ਪੁੱਤਰ ਨੂੰ ਮਾਤਮੀ ਖ਼ਿੱਲਤ ਭੇਜੀ ਗਈ ਸੀ ) ਅਤੇ ਗ਼ੁਲ ਖਾਂ ਨੂੰ ਭੇਜਿਆ । ਇਹ ਦੋਵੇਂ ਕਾਫੀ ਚਿਰ ਗੁਰੂ ਜੀ ਦੇ ਦੀਵਾਨ ਵਿਚ ਹਾਜ਼ਰੀ ਭਰਦੇ ਰਹੇ । ਇਕ ਦਿਨ ਰਹਿਰਾਸ ਦੇ ਦੀਵਾਨ ਮਗਰੋਂ ਗੁਰੂ ਜੀ ਆਰਾਮ ਕਰ ਰਹੇ ਸਨ ਅਤੇ ਟਹਿਲੀਆਂ ਸਿੰਘ ਵੀ ਕਿਸੇ ਕੰਮ ਲਈ ਉਨ੍ਹਾਂ ਪਾਸੋਂ ਥੋੜੇ ਸਮੇਂ ਲਈ ਤੰਬੂ ਤੋਂ ਬਾਹਰ ਗਿਆ ਹੋਇਆ ਸੀ ਕਿ ਇਨ੍ਹਾਂ ਪਠਾਣਾਂ ਨੇ ਮੌਕਾ ਤਾੜਕੇ ਗੁਰੂ ਜੀ ਦੀ ਖੱਬੀ ਵੱਖੀ ਵਿੱਚ ਛੁਰਾ ਮਾਰ ਦਿੱਤਾ । ਗੁਰੂ ਜੀ ਨੇ ਝੱਟ ਇਕ ਨੂੰ ਤਾਂ ਝਟਕਾ ਦਿੱਤਾ । ਦੂਜਾ ਉਠ ਭੱਜਾ ਪਰ ਤੁੰਰਤ ਹੀ ਸਿੰਘਾਂ ਹੱਥੋਂ ਮਾਰਿਆ ਗਿਆ । ਇਹ ਘਟਨਾ 14 ਸਤੰਬਰ 1708 ਨੂੰ ਵਾਪਰੀ।

*ਗੁਰੂ ਜੀ ਦਾ ਜ਼ਖਮ ਸੀਤਾ ਗਿਆ ਅਤੇ ਠੀਕ ਹੋਣ ਲੱਗ ਪਿਆ । ਛੇ ਅਕਤੂਬਰ 1708 ਨੂੰ ਇਕ ਸਖ਼ਤ ਕਮਾਨ ਉੱਤੇ ਚਿੱਲਾ ਚੜ੍ਹਾਉਣ ਲੱਗੇ ਤਾਂ ਜ਼ਖਮ ਦੇ ਟਾਂਕੇ ਟੁੱਟ ਗਏ ਅਤੇ ਖ਼ੂਨ ਵਗ ਤੁਰਿਆ । **ਮਿਤੀ 07-10-1708 ਈ. ਨੂੰ ਗੁਰੂ ਜੀ ਨੇ ਅੰਤ ਸਮਾਂ ਨੇੜੇ ਜਾਣ, ਸਰਬੱਤ ਸੰਗਤ ਨੂੰ ਬੁਲਾਇਆ

---

* ਫਿਰੰਗੀ ਜਿਰਾਹ ਹਕੀਮ ਨੇ ਜ਼ਖਮ ਸੀਤਾ: ਸਤਿਬੀਰ ਸਿੰਘ : ਪੁਰਖ ਭਗਵੰਤ, 7ਵੀਂ ਛਾਪ: ਪੰਨਾ 228

** ਸਤਿਬੀਰ ਸਿੰਘ : ਪੁਰਖ ਭਗਵੰਤ, 7ਵੀਂ ਛਾਪ : ਪੰਨਾ 230, 232, 233

ਅਤੇ ਪੰਜ ਪੈਸੇ ਤੇ ਨਾਰੀਅਲ ਅੱਗੇ ਰੱਖਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਅਤੇ ਗੁਰਤਾ ਬਖਸ਼ੀ । ਖਾਲਸਾ ਪੰਥ ਨੂੰ ਗੁਰਤਾ ਆਪ ਪਹਿਲਾਂ ਹੀ ਚਮਕੌਰੋਂ ਤੁਰਨ ਸਮੇਂ, ਦੇ ਆਏ ਸਨ । ਆਪ ਜੀ ਨੇ ਆਗਿਆ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਸਾਂ ਗੁਰੂਆਂ ਦੀ ਆਤਮਿਕ ਜੋਤ ਅਤੇ ਇਸ ਦੀ ਤਾਬਿਆਂ ਵਿਚ ਗੁਰੂ ਪੰਥ ਗੁਰੂ ਦਾ ਸਰੀਰ ਹੋਵੇਗਾ । ਇਸ ਤਰ੍ਹਾਂ ਦੇਹਧਾਰੀ ਗੁਰੂ ਦੀ ਪ੍ਰੰਪਰਾ ਸਦਾ ਵਾਸਤੇ ਖ਼ਤਮ ਕਰ ਦਿੱਤੀ ਗਈ । ਨਾਂਦੇੜ ਵਿਖੇ ਇਸ ਇਤਿਹਾਸਿਕ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਸਮੇਂ, ਇਹ ਹੁਕਮਨਾਮਾ ਆਇਆ:-

**ਖੁਲਿਆ ਕਰਮੁ ਕ੍ਰਿਪਾ ਭਈ ਠਾਕਰ ਕੀਰਤਨ ਹਰਿ ਹਰਿ ਗਾਈ ॥**

**ਸ੍ਰਮ ਥਾਕਾ ਪਾਏ ਬਿਸ੍ਰਾਮਾ ਮਿਟ ਗਈ ਸਗਲੀ ਧਾਈ॥੧॥** ਅੰਗ:੧੦੦੦

ਸਿੱਖ ਜਗਤ ਕੋਲ ਆਪਣੀ ਲਿੱਪੀ (ਗੁਰਮੁਖੀ), ਆਪਣਾ ਕੇਂਦਰੀ ਧਾਰਮਿਕ ਅਸਥਾਨ (ਸ੍ਰੀ ਅੰਮ੍ਰਿਤਸਰ) ਅਤੇ ਆਪਣਾ ਧਾਰਮਿਕ ਗ੍ਰੰਥ, ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਉਪਲਭਦ ਹੋ ਗਏ ਸਨ । ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੰਘਰਸ਼-ਮਈ ਜੀਵਨ ਦੌਰਾਨ, ਖਾਲਸਾ ਪੰਥ ਸਾਜਕੇ ਅਤੇ ਗ੍ਰੰਥ ਸਾਹਿਬ ਨੂੰ ਅੰਤਮ ਰੂਪ ਦੇ ਕੇ, ਇਨ੍ਹਾਂ ਦੋਵਾਂ (ਗ੍ਰੰਥ ਸਾਹਿਬ ਅਤੇ ਖਾਲਸਾ ਪੰਥ) ਨੂੰ ਆਪਣੇ ਅੰਤ ਸਮੇਂ ਗੁਰ-ਗੱਦੀ ਦੀ ਬਖ਼ਸ਼ਿਸ਼ ਵੀ ਕਰ ਦਿੱਤੀ । ਇਸ ਤਰ੍ਹਾਂ ਉਨ੍ਹਾਂ ਨੇ ਜਿਸ ਮਿਸ਼ਨ ਅਤੇ ਵਿਚਾਰਧਾਰਾ ਨੂੰ ਲੈ ਕੇ ਗੁਰੂ ਨਾਨਕ ਸਾਹਿਬ ਚਲੇ ਸਨ ਅਤੇ ਜਿਸ ਗੁਰਮੁਖ ਪੰਥ ਨੂੰ ਸਾਜਣ ਦਾ ਉਨ੍ਹਾਂ ਟੀਚਾ ਮਿਥਿਆ ਸੀ, ਉਸਨੂੰ ਸਿਖਰ 'ਤੇ ਪਹੁੰਚਾ ਕੇ ਆਖਰੀ ਇੱਟ ਲਗਾ ਦਿੱਤੀ ।

## 19. ਗੁਰੂ ਜੀ ਦੀ ਸ਼ਖ਼ਸੀਅਤ :-

ਗੁਰੂ ਜੀ ਦੇ ਮਹਾਨ ਤੇ ਬੇ-ਜੋੜ ਸੰਘਰਸ਼ਮਈ ਜੀਵਨ ਬਾਰੇ ਲਿਖਣਾ ਸੂਰਜ ਨੂੰ ਦੀਵਾ ਦਿਖਾਉਣ ਦੇ ਤੁੱਲ ਹੈ । ਫਿਰ ਵੀ ਕੁਛ ਪੱਖ ਬਿਆਨ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਗਈ ਹੈ:-

1) ਗੁਰੂ ਜੀ ਨੇ ਸਮਾਜਿਕ, ਆਰਥਕ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਿਕ ਪੱਖ ਤੋਂ ਮਾਰੀ-ਕੁੱਟੀ ਅਤੇ ਲੁੱਟੀ-ਪੁੱਟੀ ਲੋਕਾਈ ਨੂੰ ਹੱਕ, ਸਚ ਲਈ ਡਟ ਜਾਣ ਵਾਸਤੇ ਜਾਗ੍ਰਿਤ ਕੀਤਾ ਅਤੇ ਅਣਖ, ਸਵੈਮਾਨ ਵਾਲਾ ਜੀਵਨ ਜੀਣ ਦੀ ਜਾਚ ਸਿਖਾਈ ।

2) ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਨੂੰ ਕੁਸ਼ਲਤਾ-ਪੂਰਵਕ ਸਿਖਰ 'ਤੇ ਪਹੁੰਚਾਇਆ ।

(ੳ) ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ:-



**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥** ਅੰਗ:੧੪੧੨

ਗੁਰੂ ਗੋਬਿੰਦ ਸਿੰਘ ਜੀ ਫਰਮਾਉਂਦੇ ਹਨ:-

**ਸਾਚੁ ਕਹੌ ਸੁਨ ਲੇਹੁ ਸਭੈ**
**ਜਿਨ ਪ੍ਰੇਮ ਕੀਓ, ਤਿਨ ਹੀ ਪ੍ਰਭ ਪਾਇਓ ॥** ਅਕਾਲ ਉਸਤਤ

ਅਤੇ

**ਦੇਹ ਸ਼ਿਵਾ ਬਰੁ ਮੋਹਿ ਇਹੈ,**
**ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥**
**ਨ ਡਰੋਂ ਅਰਿ ਸੋਂ ਜਬ ਜਾਇ ਲਰੋਂ,**
**ਨਿਸਚੈ ਕਰ ਅਪੁਨੀ ਜੀ ਕਰੋਂ॥**
**ਅਰੁ ਸਿਖਹੋਂ ਆਪਨੇ ਹੀ ਮਨ ਕੋ,**
**ਇਹ ਲਾਲਚ ਹਉ ਗੁਨ ਤਉ ਉਚਰੋਂ॥**
**ਜਬ ਆਵ ਕੀ ਅਉਧ ਨਿਦਾਨ ਬਨੈ,**
**ਅਤਿ ਹੀ ਰਣ ਮੈ ਤਬ ਜੂਝ ਮਰੋਂ॥**

(ਅ) ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਰਾਜਿਆਂ ਦੀ ਜਨਮ-ਦਾਤੀ ਆਖ ਕੇ ਨਿਵਾਜਿਆ । ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਨੂੰ ਖਾਲਸੇ ਦੀ ਮਾਂ ਹੋਣ ਦਾ ਮਾਣ ਬਖ਼ਸ਼ਿਆ ਅਤੇ ਮਾਤਾ ਭਾਗੋ ਨੂੰ ਸਿੰਘਾਂ ਦੀ ਜਥੇਦਾਰ ਬਣਾਇਆ ।

(ੲ) ਗੁਰੂ ਨਾਨਕ ਸਾਹਿਬ ਨੇ ਵਿਅਰਥ ਕਰਮ-ਕਾਡਾਂ ਦਾ ਖੰਡਨ ਕੀਤਾ ਅਤੇ ਇਕ ਨਿਰੰਕਾਰ ਨੂੰ ਮੰਨਣ ਦਾ ਉਪਦੇਸ਼ ਦਿੱਤਾ । ਗੁਰੂ ਗੋਬਿੰਦ ਸਿੰਘ ਜੀ ਨੇ ਗੋਰਾਂ, ਮੜ੍ਹੀਆਂ, ਮਟਾਂ, ਬੁੱਤਾਂ, ਮੂਰਤੀਆਂ ਆਦਿ ਦੀ ਪੂਜਾ ਕਰਨ ਤੋਂ ਵਰਜਿਆ।

(ਸ) ਗੁਰੂ ਨਾਨਕ ਦੇਵ ਜੀ ਨੇ

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥** ਅੰਗ:੧੫

ਆਖਕੇ ਆਪਣੇ-ਆਪ ਨੂੰ ਨੀਵਿਆਂ, ਨਿਤਾਣਿਆਂ ਨਾਲ ਜੋੜਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਕੇ ਅਤੇ ਪੰਜਾਂ ਪਿਆਰਿਆਂ ਹੱਥੋਂ ਅੰਮ੍ਰਿਤ ਛਕ ਕੇ 'ਆਪੇ ਗੁਰ ਚੇਲਾ' ਹੋਣ ਦੀ ਮਿਸਾਲ ਪੇਸ਼ ਕੀਤੀ । ਪੰਜ ਪਿਆਰਿਆਂ ਵਿਚੋਂ ਚਾਰ ਅਖੌਤੀ ਨੀਵੀਆਂ ਜਾਤਾਂ ਦੇ ਸਨ । ਇੰਜ ਉਨ੍ਹਾਂ ਊਚ-ਨੀਚ ਅਤੇ ਜਾਤ-ਪਾਤ ਨੂੰ ਜੜ੍ਹੋਂ ਹੀ ਪੁੱਟ ਸੁਟਿੱਆ ।

(ਹ) ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਸੀ:-

**ਜੇ ਜੀਵੈ ਪਤਿ ਲਥੀ ਜਾਇ ॥**

**ਸਭੁ ਹਰਾਮੁ ਜੇਤਾ ਕਿਛੁ ਖਾਇ ॥** ਅੰਗ:੧੪੨

ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਨੂੰ ਅਹਿਸਾਸ ਕਰਾਇਆ ਕਿ ਉਹ ਬਲ-ਹੀਣ ਨਹੀਂ ਹਨ ਸਗੋਂ ਉਨ੍ਹਾਂ ਨੂੰ ਆਪਣੀ ਅੰਦਰਲੀ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ । ਹੱਕ ਮੰਗਿਆਂ ਨਹੀਂ ਮਿਲਦੇ, ਹੱਕ ਖੋਹੇ ਜਾਂਦੇ ਹਨ:

**ਕੋਊ ਕਿਸੈ ਕੋ ਰਾਜ ਨ ਦੈ ਹੈ ॥**

**ਜੋ ਲੇ ਹੈ, ਨਿਜ ਬਲ ਸਿਉਂ ਲੈ ਹੈ॥**

(ਕ) ਗੁਰੂ ਨਾਨਕ ਸਾਹਿਬ ਨੇ ਬਾਬਰ ਨੂੰ 'ਜਾਬਰ', 'ਰਾਜੇ ਸ਼ੀਹ ਮੁੱਕਦਮ ਕੁੱਤੇ' ਅਤੇ 'ਪਾਪ ਦੀ ਜੰਞ ਲੈ ਕਾਬਲੋਂ ਧਾਇਆ' ਆਖਣ ਦੀ ਦਲੇਰੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮਾ' ਰਾਹੀਂ ਔਰੰਗਜ਼ੇਬ ਨੂੰ ਐਸੀਆਂ ਖਰੀਆਂ-ਖਰੀਆਂ ਸੁਣਾਈਆਂ ਕਿ ਉਸ ਦੀ ਜ਼ਮੀਰ ਨੂੰ ਝੰਜੋੜ ਕੇ ਰੱਖ ਦਿੱਤਾ ।

(ਖ) ਗੁਰੂ ਨਾਨਕ ਸਾਹਿਬ ਨੇ 'ਸਭ ਮਹਿ ਜੋਤਿ ਜੋਤਿ ਹੈ ਸੋਇ' ਆਖਿਆ ਤਾਂ ਆਪ ਜੀ ਨੇ 'ਮਾਨਸ ਕੀ ਜਾਤਿ ਸਭੈ ਏਕੇ ਪਹਿਚਾਨਬੋ' ਦਾ ਉਪਦੇਸ਼ ਦਿੱਤਾ।

3) ਗੁਰੂ ਗੋਬਿੰਦ ਸਿੰਘ ਜੀ ਤਲਵਾਰ ਨੂੰ ਸੰਘਰਸ਼ ਅਤੇ ਸ਼ਕਤੀ ਦਾ ਪ੍ਰਤੀਕ ਮੰਨਦੇ ਸਨ । ਉਨ੍ਹਾਂ ਛੋਟੀਆਂ-ਵੱਡੀਆਂ ਮਿਲਾਕੇ 14 ਲੜਾਈਆਂ ਲੜੀਆਂ ਅਤੇ ਬਹੁਤ ਸਾਰੀਆਂ ਜਿੱਤੀਆਂ ਵੀ ਪਰ ਇਕ ਇੰਚ ਇਲਾਕੇ 'ਤੇ ਵੀ ਕਬਜ਼ਾ ਨਾ ਕੀਤਾ । ਉਨ੍ਹਾਂ ਦੀਆਂ ਆਪਣੀ ਫੌਜ ਨੂੰ ਸਖ਼ਤ ਹਦਾਇਤਾਂ ਸਨ ਕਿ ਕਿਸੇ ਦਾ ਧਨ-ਮਾਲ ਜਾਂ ਇੱਜ਼ਤ-ਪਤ ਨਾ ਲੁੱਟੇ ਜਾਣ, ਕਿਸੇ ਭੱਜੇ ਜਾਂਦੇ ਜਾਂ ਸੁੱਤੇ ਪਏ ਵੈਰੀ ਤੇ ਵਾਰ ਨਾ ਕੀਤਾ ਜਾਵੇ, ਕਿਸੇ ਬੱਚੇ, ਬੁੱਢੇ ਜਾਂ ਔਰਤ ਉੱਤੇ ਵਾਰ ਨਾ ਕੀਤਾ ਜਾਵੇ । ਉਨ੍ਹਾਂ ਪਹਿਲਾਂ ਕਦੀ ਕਿਸੇ ਤੇ ਹਮਲਾ ਨਾ ਕੀਤਾ, ਪਰ ਉਹ ਜਵਾਬੀ ਕਾਰਵਾਈ ਕਰਕੇ ਆਪਣੀ ਜਿੱਤ ਲਈ ਜੂਝਣ ਅਤੇ ਜਿੱਤ ਪ੍ਰਾਪਤ ਕਰਨ ਵਿਚ ਅਟੁੱਟ ਵਿਸ਼ਵਾਸ਼ ਰੱਖਦੇ ਸਨ । ਉਨ੍ਹਾਂ ਦੀ ਕੋਈ ਵੀ ਲੜਾਈ, ਜ਼ਰ, ਜ਼ੋਰੂ ਜਾਂ ਜ਼ਮੀਨ ਵਾਸਤੇ ਨਹੀਂ ਸੀ ।



4) ਦੁਨੀਆਂ ਦੇ ਸਾਰੇ ਸੂਰਮੇ, ਸਮਰਾਟ, ਆਦਿ ਆਪਣੇ ਹੰਕਾਰ ਦੀ ਪੂਰਤੀ ਲਈ ਜਾਂ ਆਪਣੀ ਬਹਾਦਰੀ ਦੀ ਧਾਂਕ ਬਿਠਾਉਣ ਲਈ ਜਾਂ ਫਿਰ ਜ਼ਰ, ਜ਼ੋਰੂ, ਜ਼ਮੀਨ ਦੀ ਪ੍ਰਾਪਤੀ ਲਈ ਲੜਦੇ ਰਹੇ ਹਨ, ਪਰ ਗੁਰੂ ਜੀ ਨੇ ਨਾ ਪਹਿਲਾਂ ਕਿਸੇ ਤੇ ਹਮਲਾ ਕੀਤਾ ਨਾ ਵਾਰ ਕੀਤਾ । ਉਨ੍ਹਾਂ ਹਮੇਸ਼ਾਂ ਨੀਵਿਆਂ, ਨਿਮਾਣਿਆਂ, ਨਿਤਾਣਿਆਂ ਅਤੇ ਲਿਤਾੜਿਆਂ ਦੀ ਖਾਤਰ, ਹੱਕ, ਸੱਚ ਅਤੇ ਇਨਸਾਨੀ ਬਰਾਬਰੀ ਲਈ ਹੀ ਸੰਘਰਸ਼ ਕੀਤਾ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਆਪਣਾ ਸਰਬੰਸ ਤੱਕ ਵਾਰ ਦਿੱਤਾ । ਜਦੋਂ ਮਾਤਾ ਸੁੰਦਰੀ ਜੀ ਨੇ ਪੁੱਛਿਆ ਕਿ ਮੇਰੇ ਲਾਲ ਕਿੱਥੇ ਹਨ? ਤਾਂ ਆਪ ਜੀ ਨੇ ਸਿੰਘਾਂ ਵੱਲ ਇਸ਼ਾਰਾ ਕਰਕੇ ਫੁਰਮਾਇਆ :-

**ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ ।**

**ਚਾਰ ਮੁਏ ਤੋ ਕਿਆ ਭਇਆ, ਏ ਜੀਵਤ ਕਈ ਹਜ਼ਾਰ ।**

5) ਉਨ੍ਹਾਂ ਹਿੰਦੂ ਰਾਜਪੂਤ ਪਹਾੜੀ ਰਾਜਿਆਂ ਅਤੇ ਔਰੰਗਜ਼ੇਬ ਦੀ ਮੁਗ਼ਲ ਸਰਕਾਰ, ਦੋਵਾਂ ਨਾਲ ਹੀ ਟੱਕਰ ਲਈ ਅਤੇ ਇਸ ਗੱਲ ਦਾ ਧਿਆਨ ਰੱਖਿਆ ਕਿ ਉਨ੍ਹਾਂ ਦਾ ਸੰਘਰਸ਼ ਕਿਤੇ ਇਸਲਾਮ-ਵਿਰੋਧੀ ਨਾ ਹੋ ਜਾਵੇ । ਉਨ੍ਹਾਂ ਦੀ ਫੌਜ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਸ਼ਾਮਿਲ ਸਨ ।

6) ਉਨ੍ਹਾਂ ਪੰਜਾਂ ਪਿਆਰਿਆਂ ਅਤੇ ਚਾਲੀ ਮੁਕਤਿਆਂ ਦੀ ਲਾਸਾਨੀ ਵਫ਼ਾਦਾਰੀ ਅਤੇ ਕੁਰਬਾਨੀ ਤੋਂ ਲੈ ਕੇ ਆਪਣੇ ਸਿੱਖਾਂ ਵਿਚ ਇੰਨਾ ਜੋਸ਼ ਭਰ ਦਿੱਤਾ ਕਿ ਉਹ ਸ਼ਹੀਦੀਆਂ ਪਾਉਂਣ ਲਈ ਖੁਸ਼ੀ-ਖੁਸ਼ੀ ਅੱਗੇ ਆਉਣ ਲੱਗੇ । ਉਹ ਆਪ ਵੀ ਅੱਗੇ ਹੋ ਕੇ ਲੜਦੇ ਸਨ । ਚਮਕੌਰ ਦੇ ਯੁੱਧ ਵਿਚ ਤਾਂ ਉਨ੍ਹਾਂ ਪੰਜਾਂ ਪਿਆਰਿਆਂ ਤੋਂ ਪਹਿਲਾਂ ਆਪਣੇ ਦੋ ਪੁੱਤਰਾਂ ਨੂੰ ਜੂਝਣ ਦੀ ਆਗਿਆ ਦੇ ਦਿੱਤੀ ਜਿੱਥੇ ਸ਼ਹੀਦੀ ਪਾ ਜਾਣੀ ਸਾਫ ਸਾਹਮਣੇ ਨਜ਼ਰ ਆਉਂਦੀ ਸੀ ।

7) ਗੁਰੂ ਜੀ ਦਾ ਨੌ ਸਾਲ ਤੋਂ ਵੀ ਛੋਟੀ ਉਮਰ ਵਿਚ ਆਪਣੇ ਪਿਤਾ ਨੂੰ ਹਿੰਦੂ ਧਰਮ (ਤਿਲਕ, ਜੰਜੂ) ਦੀ ਖਾਤਰ ਕੁਰਬਾਨੀ ਦੇਣ ਦਾ ਸੁਝਾਓ ਦੇਣਾ ਇਹ ਦੱਸਦਾ ਹੈ ਕਿ ਆਪ ਜੀ ਵਿਚ ਛੋਟੀ ਜਿਹੀ ਉਮਰ ਵਿਚ ਹੀ ਕਿੰਨੀ ਪ੍ਰਪੱਕਤਾ, ਨਿਰਭੈਤਾ, ਸੂਝ-ਬੂਝ ਅਤੇ ਆਤਮ-ਵਿਸ਼ਵਾਸ਼ ਸੀ । ਪਿਤਾ ਦੀ ਕੁਰਬਾਨੀ ਨੇ ਉਨ੍ਹਾਂ ਦੇ ਮਨ ਉੱਤੇ ਕਿਸੇ ਕਿਸਮ ਦੇ ਡਰ, ਨਫ਼ਰਤ ਜਾ ਬਦਲਾ-ਲਊ ਭਾਵਨਾ ਨੂੰ ਹਾਵੀ ਨਹੀਂ ਹੋਣ ਦਿੱਤਾ । ਉਨ੍ਹਾਂ ਆਪਣਾ ਨਿਸ਼ਾਨਾ ਸਪਸ਼ਟ ਕੀਤਾ:-

**ਹਮ ਇਹ ਕਾਜ ਜਗਤ ਮੋ ਆਏ ॥**

**ਧਰਮ ਹੇਤ ਗੁਰਦੇਵ ਪਠਾਏ ॥**...............

**ਜਾ ਹੀ ਕਾਜ ਧਰਾ ਹਮ ਜਨਮੰ, ਸਮਝ ਲਿਓ ਸਾਧੂ ਸਭ ਮਨਮੰ ॥**

**ਧਰਮ ਚਲਾਵਨ ਸੰਤ ਉਬਾਰਨ, ਦੁਸਟ ਸਭਨ ਕੋ ਮੂਲ ਉਪਾਰਨ ॥**

8) ਉਨ੍ਹਾਂ ਦਾ ਉਪਦੇਸ਼ ਸੀ:-

ਭਾਵੇਂ ਸਾਰੇ ਧਰਮ-ਕਰਮ ਵੱਖਰੇ-ਵੱਖਰੇ ਵੀ ਹਨ, ਪਰ ਸਾਰੀ ਇਨਸਾਨੀਅਤ ਇੱਕੋ ਅਕਾਲ-ਪੁਰਖ ਦੀ ਰਚਨਾ ਹੈ ਜਿਸਨੇ ਸਭ ਨੂੰ ਇੱਕੋ ਜਿਹਾ ਬਣਾਇਆ ਹੈ । ਇਸ ਲਈ ਕੋਈ ਉੱਚਾ ਜਾਂ ਨੀਵਾਂ ਨਹੀਂ ਹੈ, ਸਭ ਬਰਾਬਰ ਹਨ ।

9) **ਮਹਾਨ ਰੂਹਾਨੀ ਰਹਿਬਰ, ਬੇ-ਜੋੜ ਯੋਧਾ, ਲਾਸਾਨੀ ਆਗੂ ਅਤੇ ਕੁਸ਼ਲ ਪ੍ਰਬੰਧਕ** ਹੁੰਦੇ ਹੋਏ ਵੀ ਗੁਰੂ ਜੀ ਨੇ ਆਪਣੇ ਨਿਮਰ ਸੁਭਾਓ ਅਨੁਸਾਰ ਖ਼ਾਲਸਾ ਸ਼ਕਤੀ ਜਾਂ ਲੋਕ ਸ਼ਕਤੀ ਦੀ ਹੀ ਸਲਾਹੁਤ ਕੀਤੀ:-

**ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀਂ ਕੇ ਪ੍ਰਸਾਦਿ ਸੋ ਦਾਨ ਕਰੈ ॥**
**ਅਘ ਅਉਘ ਟਰੇ ਇਨਹੀਂ ਕੇ ਪ੍ਰਸਾਦਿ ਇਨਹੀ ਕਿਰਪਾ ਫੁਨ ਧਾਮ ਭਰੇ ॥**
**ਇਨਹੀ ਕੇ ਪ੍ਰਸਾਦਿ ਬਿਦਿਆ ਲਈ ਇਨਹੀ ਕੀ ਕਿਰਪਾ ਸਭ ਸਤ੍ਰ ਮਰੇ ॥**
**ਇਨਹੀ ਕੀ ਕਿਰਪਾ ਕੇ ਸਜੇ ਹਮ ਹੈ ਨਹੀਂ ਮੋ ਸੇ ਗਰੀਬ ਕਰੋਰ ਪਰੇ ॥**

ਆਪ ਜੀ ਨੇ ਖਾਲਸਾ ਪੰਥ ਨੂੰ ਵੀ ਖੁਲ੍ਹਕੇ ਵਡਿਆਇਆ, ਵਰ ਦਿੱਤੇ, ਪਰ ਨਾਲ-ਦੀ-ਨਾਲ ਬਿਪ੍ਰਨ ਕੀ ਰੀਤ ਗ੍ਰਹਣ ਕਰਨ ਵਾਲਿਆ ਨੂੰ ਸਖ਼ਤ ਤਾੜਨਾ ਵੀ ਕੀਤੀ :

**ਖਾਲਸਾ ਮੇਰੋ ਰੂਪ ਹੈ ਖਾਸ ॥**
**ਖਾਲਸਾ ਮਹਿ ਹਉ ਕਰੋ ਨਿਵਾਸ ॥**............
**ਖਾਲਸਾ ਮੇਰੋ ਮਿਤ੍ਰ ਸਖਾਈ ॥**
**ਖਾਲਸਾ ਮਾਤ ਪਿਤਾ ਸੁਖਦਾਈ ॥**..............
**ਖਾਲਸਾ ਮੇਰੋ ਪਿੰਡ ਪ੍ਰਾਣ ॥**
**ਖਾਲਸਾ ਮੇਰੀ ਜਾਨ ਕੀ ਜਾਨ ॥**...............
**ਖਾਲਸਾ ਮੇਰੋ ਸਤਿਗੁਰ ਪੂਰਾ ॥**
**ਖਾਲਸਾ ਮੇਰੋ ਸਜਨ ਸੂਰਾ ॥**...............
**ਉਪਮਾ ਖਾਲਸਾ ਜਾਤ ਨ ਕਹੀ ॥**
**ਜਿਹਵਾ ਏਕ ਪਾਰ ਨਹਿ ਲਹੀ ॥**............
**ਯਾ ਮੈਂ ਰੰਚ ਨ ਮਿਥਿਆ ਭਾਖੀ ॥**
**ਪਾਰਬ੍ਰਹਮ ਗੁਰ ਨਾਨਕ ਸਾਖੀ ॥**............
**ਜਬ ਲਗ ਖਾਲਸਾ ਰਹੇ ਨਿਆਰਾ ॥**



**ਤਬ ਲਗ ਤੇਜ ਦੀਓ ਮੈ ਸਾਰਾ ॥**
**ਜਬ ਇਹ ਗਹੈ ਬਿਪਰਨ ਕੀ ਰੀਤਿ ॥**
**ਮੈਂ ਨ ਕਰੋਂ ਇਨ ਕੀ ਪ੍ਰਤੀਤਿ ॥**

ਸਰਬ ਲੋਹ ਗ੍ਰੰਥ, ਪਾ: ੧੦

10) ਗੁਰੂ ਜੀ ਦਾ ਸੰਘਰਸ਼ ਸਮੇਂ ਦੇ ਜ਼ਾਲਮ ਰਾਜ-ਪ੍ਰਬੰਧ, ਵਿਤਕਰੇ ਭਰੇ ਸਮਾਜਿਕ ਢਾਂਚੇ, ਲਾਲਚੀ ਧਾਰਮਿਕ ਵਰਤਾਰੇ ਆਦਿ ਦੇ ਵਿਰੁੱਧ ਸੀ । ਉਹ ਇਕ ਅਕਾਲ-ਪੁਰਖ ਦੀ ਰਚਨਾ, ਸਾਰੀ ਇਨਸਾਨੀਅਤ ਨੂੰ ਹੀ ਪਿਆਰ ਕਰਦੇ ਸਨ । ਜਦੋਂ ਸਿੱਖਾਂ ਦੀ ਸ਼ਕਾਇਤ ਉੱਤੇ ਭਾਈ ਘਨੱਯੀਆ ਜੀ (ਰੈਡ-ਕ੍ਰਾਸ ਪ੍ਰਣਾਲੀ ਦਾ ਜਨਮ ਦਾਤਾ) ਦੀ ਜਵਾਬ-ਤਲਬੀ ਹੋਈ ਤਾਂ ਉਸਨੇ ਸਪਸ਼ਟੀਕਰਨ ਦਿੰਦੇ ਹੋਏ ਆਖਿਆ, "ਹਜ਼ੂਰ! ਮੈਂ ਤਾਂ ਆਪ ਜੀ ਵੱਲੋਂ ਪੜ੍ਹਾਏ ਪਾਠ ਉੱਤੇ ਹੀ ਅਮਲ ਕਰਦਾ ਹਾਂ, ਜ਼ਖ਼ਮੀਆਂ ਵਿਚ ਵੈਰੀ, ਮਿੱਤਰ ਦਾ ਅੰਤਰ ਮੈਨੂੰ ਤਾਂ ਕੋਈ ਦਿਸਦਾ ਨਹੀਂ, ਸਭ ਵਿਚ ਇੱਕੋ ਵਾਹਿਗੁਰੂ ਦੀ ਜੋਤ ਹੀ ਨਜ਼ਰ ਆਉਂਦੀ ਹੈ ।" ਇਹ ਸੁਣਕੇ, ਗੁਰੂ ਜੀ ਨੇ ਪ੍ਰਸੰਨ ਹੋ ਕੇ ਥਾਪੜਾ ਦਿੱਤਾ ਅਤੇ ਮਲ੍ਹਮ ਦੀ ਡੱਬੀ ਵੀ ਦੇ ਦਿੱਤੀ ਕਿ ਜ਼ਖ਼ਮਾਂ 'ਤੇ ਮਲ੍ਹਮ-ਪੱਟੀ ਵੀ ਕਰ ਦਿਆ ਕਰ ।

11) ਹੱਕ, ਸੱਚ (ਨਿਆਂ, ਧਰਮ) ਦੀ ਲੜਾਈ ਵਿਚ ਆਪ ਜੀ ਨੇ ਵਿਰੋਧੀ ਸੈਨਾ ਨੂੰ ਕਦੀ ਨਿਗਾਹ ਹੇਠ ਨਾ ਲਿਆਂਦਾ । ਉਹ ਸਰੀਰਕ ਅਤੇ ਫੌਜੀ ਸ਼ਕਤੀ ਨਾਲੋਂ ਆਤਮਿਕ ਬਲ ਅਤੇ ਚ੍ਰਿੱਤਰ ਦੀ ਸ਼ਕਤੀ ਨੂੰ ਵਧੇਰੇ ਮੱਹਤਵਪੂਰਨ ਸਮਝਦੇ ਸਨ। ਜਦੋਂ 10 ਲੱਖ ਫੌਜ ਅਤੇ ਮੁਲਖੱਈਆਂ ਦਾ ਮੁਕਾਬਲਾ 40 ਭੁੱਖੇ-ਤਿਹਾਏ ਸਿੰਘਾਂ ਨੂੰ ਕਰਨਾ ਪਿਆ ਤਾਂ ਆਪ ਜੀ ਦੀ 'ਦ੍ਰਿੜ੍ਹਤਾ' ਅਤੇ 'ਧਰਮ ਯੁੱਧ ਦਾ ਚਾਅ' ਜਿਉਂ-ਦਾ-ਤਿਉਂ ਕਾਇਮ ਰਹੇ । ਆਪ ਹਮੇਸ਼ਾ ਇਹੀ ਅਰਦਾਸ ਕਰਦੇ ਸਨ:-

**ਦੇਹ ਸ਼ਿਵਾ ਬਰੁ ਮੋਹਿ ਇਹੈ**
**ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥**
**ਨ ਡਰੋਂ ਅਰਿ ਸੋਂ, ਜਬ ਜਾਇ ਲਰੋਂ**
**ਨਿਸਚੈ ਕਰ ਅਪੁਨੀ ਜੀਤ ਕਰੋਂ॥**
**ਅਰੁ ਸਿਖਹੋਂ ਅਪਨੇ ਹੀ ਮਨ ਕੋ**
**ਇਹ ਲਾਲਚ ਹਉ ਗੁਨ ਤਉ ਉਚਰੋਂ॥**
**ਜਬ ਆਵ ਕੀ ਅਉਧ ਨਿਦਾਨ ਬਨੈ**
**ਅਤਿ ਹੀ ਰਨ ਮੈ ਤਬ ਜੂਝ ਮਰੋਂ॥**

ਚੰਡੀ ਚਰਿਤ੍ਰ

ਸਾਰਾ ਪਰਵਾਰ ਵਾਰਕੇ ਅਤੇ ਆਪਣੇ ਸਰੀਰਕ ਕਸ਼ਟਾਂ ਨੂੰ ਇਕ ਪਾਸੇ ਰੱਖ ਕੇ, ਮਾਛੀ ਵਾੜੇ ਦੇ ਬਾਗ਼ ਵਿਚ ਆਪ ਜੀ ਨੇ ਇਹ ਸ਼ਬਦ ਉਚਾਰਿਆ:-

**ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ ॥**
**ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣੁ**
**ਨਾਗ ਨਿਵਾਸਾਂ ਦਾ ਰਹਣਾ ॥**
**ਸੂਲ ਸੁਰਾਹੀ ਖ਼ੰਜਰੁ ਪਿਆਲਾ**
**ਬਿੰਗੁ ਕਸਾਈਆਂ ਦਾ ਸਹਣਾ ॥**
**ਯਾਰੜੇ ਦਾ ਸਾਨੂੰ ਸਥਰ ਚੰਗਾ**
**ਭਠ ਖੇੜਿਆਂ ਦਾ ਰਹਣਾ ॥**

ਸ਼ਬਦ ਹਜ਼ਾਰੇ, ਖਿਆਲ ਪਾ: ੧੦

ਇੰਜ ਆਪ ਜੀ ਨੇ '**ਭਾਣੇ ਨੂੰ ਮਿੱਠਾ ਕਰਕੇ ਮੰਨਣ**' ਅਤੇ '**ਚੜ੍ਹਦੀ ਕਲਾ ਵਿਚ ਰਹਿਣ**' ਦਾ ਇਕ ਨਮੂਨਾ ਪੇਸ਼ ਕੀਤਾ ।

ਇਥੇ ਹੀ ਬੱਸ ਨਹੀਂ, ਜ਼ਫਰਨਾਮਾ (ਫਤਹਿ ਦੀ ਚਿੱਠੀ) ਲਿਖਕੇ ਆਪ ਜੀ ਨੇ ਔਰੰਗਜ਼ੇਬ ਨੂੰ ਐਸੀਆਂ ਖਰੀਆਂ-ਖਰੀਆਂ ਸੁਣਾਈਆਂ ਕਿ ਉਸਦੀ ਜ਼ਮੀਰ ਨੂੰ ਜੰਝੋੜ ਕੇ ਰੱਖ ਦਿੱਤਾ, ਹਾਲਾਂ ਕਿ ਸ਼ਾਹੀ ਫੌਜ ਅਜੇ ਵੀ ਆਪ ਜੀ ਦਾ ਪਿੱਛਾ ਕਰ ਰਹੀ ਸੀ ਅਤੇ ਮੁਕਤਸਰ ਦਾ ਭਿਆਨਕ ਯੁੱਧ ਸਿਰ 'ਤੇ ਮੰਡਲਾ ਰਿਹਾ ਸੀ।

12) ਉਹ ਆਪਣੇ ਅਖੌਤੀ ਵੈਰੀ ਨੂੰ ਸਦਾ ਲਈ ਵੈਰੀ ਨਹੀਂ ਸਮਝਦੇ ਸਨ । ਪਹਾੜੀ ਰਾਜਿਆਂ ਨਾਲ ਹੋਏ ਭੰਗਾਣੀ ਦੇ ਯੁੱਧ ਤੋਂ ਬਾਅਦ ਨਦੌਣ ਦੀ ਲੜਾਈ ਵਿਚ, ਮੁਗ਼ਲਾਂ ਨੂੰ ਦੇਸ ਦੇ ਵੈਰੀ ਸਮਝਕੇ, ਉਨ੍ਹਾਂ ਪਹਾੜੀ ਰਾਜਿਆਂ ਦੀ ਮਦਦ ਵੀ ਕੀਤੀ ਜੋ ਭਾਵੇਂ ਬਾਅਦ ਵਿਚ ਅਕ੍ਰਿਤਘਣ ਸਾਬਿਤ ਹੋਏ । ਜੇ ਸ਼ਹਿਜ਼ਾਦਾ ਮੁਅੱਜ਼ਮ ਨੇ ਮਦਦ ਮੰਗੀ ਤਾਂ ਉਸਨੂੰ ਔਰੰਗਜ਼ੇਬ ਦੇ ਪੁੱਤਰ ਵਜੋਂ ਵੈਰੀ ਨਹੀਂ ਜਾਣਿਆਂ, ਸਗੋਂ ਖੁੱਲੇ ਖਿਆਲਾਂ ਵਾਲਾ ਸਾਊ ਇਨਸਾਨ ਸਮਝਕੇ, ਉਸਦੀ ਵੀ ਮਦਦ ਕੀਤੀ ।

13) ਜੇ ਕਿਸੇ ਸਿੱਖ ਦਾ ਦਿਲ ਡਾਵਾਂਡੋਲ ਹੋਇਆ ਤਾਂ ਆਪ ਆਪਣੇ ਅਟੱਲ ਵਿਸ਼ਵਾਸ਼ ਨਾਲ ਉਸਦੀ ਬਾਂਹ ਫੜਦੇ ਰਹੇ । ਬੇਦਾਵਾ ਲਿਖਣ ਵਾਲਿਆਂ ਨੂੰ ਆਪ ਜੀ ਨੇ ਮੁਕਤੇ ਬਣਾਇਆ । ਗੁਰੂ ਜੀ ਅਤੇ ਸਿੱਖ, ਬਚਨ ਪਾਲਣ ਲਈ ਸਿਰ ਦੇਣਾ ਮਾਮੂਲੀ ਗੱਲ ਸਮਝਦੇ ਸਨ ।

14) ਲੰਮੇ ਸੰਘਰਸ਼ ਰਾਹੀਂ 'ਧਾਰਮਿਕ ਪ੍ਰੋਹਤੀ' ਬ੍ਰਾਹਮਣਾਂ, ਮੌਲਾਣਿਆਂ ਤੋਂ ਖੋਹਕੇ ਅਤੇ 'ਸੰਸਾਰੀ ਚੌਧਰ' ਰਾਜੇ, ਰਾਣਿਆਂ ਤੋਂ ਖੋਹਕੇ ਪੰਚਾਇਤ ਦੇ ਹਵਾਲੇ ਕੀਤੀ



ਜਾ ਰਹੀ ਸੀ ਤਾਂ ਜੋ ਲੋਕਰਾਜ ਦੀ ਸਥਾਪਨਾ ਰਾਹੀਂ ਮਨੁੱਖ ਸ਼ਖ਼ਸੀ ਗੁਲਾਮੀ ਤੋਂ ਬਚ ਸਕੇ । ਸਮੁੱਚੇ ਸੰਦਰਭ ਵਿਚ ਗੁਰੂ ਸਾਹਿਬ ਨੂੰ ਭਾਸਿਆ ਕਿ ਕਿਤੇ ਲੋਕ ਉਨ੍ਹਾਂ ਨੂੰ ਹੀ ਪੂਜਣ ਨਾ ਲੱਗ ਜਾਣ । ਇਸ ਲਈ ਉਨ੍ਹਾਂ ਤਾੜਨਾ ਕੀਤੀ :

**ਜੋ ਹਮ ਕੋ ਪ੍ਰਮੇਸਰ ਉਚਰਿ ਹੈਂ ॥ ਤੇ ਸਭ ਨਰਕਿ ਕੁੰਡ ਮਹਿ ਪਰਿ ਹੈਂ ॥**
**ਮੋਕੋ ਦਾਸੁ ਤਵਨ ਕਾ ਜਾਨੋਂ ॥ ਯਾ ਮੈਂ ਭੇਦ ਨ ਰੰਚ ਪਛਾਨੋ ॥**
**ਮੈ ਹੋ ਪਰਮ ਪੁਰਖ ਕੋ ਦਾਸਾ ॥ ਦੇਖਨ ਆਇਓ ਜਗਤ ਤਮਾਸਾ ॥**

ਬਚਿੱਤ੍ਰ ਨਾਟਕ

15) ਉਨ੍ਹਾਂ ਨੇ ਕੋਈ ਜੰਤਰ-ਮੰਤਰ ਦੀ ਵਿਧੀ ਨਹੀਂ ਦੱਸੀ, ਸਗੋਂ ਆਪਣੇ ਸਿੱਖਾਂ ਨੂੰ ਗੁਰੂ ਗ੍ਰੰਥ ਅਤੇ ਪੰਥ ਦੇ ਲੜ ਲਾ ਕੇ ਵਿਅਕਤੀ ਪੂਜਾ ਤੋਂ ਬਚਾਇਆ। ਉਨ੍ਹਾਂ ਦੱਸਿਆ ਕਿ ਬਾਣੀ ਪੜ੍ਹਕੇ ਹੀ ਅੰਮ੍ਰਿਤ ਤਿਆਰ ਕੀਤਾ ਜਾ ਸਕਦਾ ਹੈ। ਕਿਧਰੇ ਵੀ ਪੰਜ ਤਿਆਰ-ਬਰ-ਤਿਆਰ ਸਿੰਘ ਜੁੜਕੇ ਇਸ ਵਿਧੀ ਰਾਹੀਂ ਨਵੇਂ ਜੀਵਨ ਦੀ ਜਾਗ ਲਾ ਸਕਦੇ ਹਨ ।

16) ਉਨ੍ਹਾਂ ਇਹ ਅਧਿਆਤਮਿਕ ਸੋਧ ਦਿੱਤੀ ਕਿ ਮੋਹ-ਮਾਇਆ ਦਾ ਤਿਆਗ ਅਤੇ ਹਰਖ-ਸੋਗ ਤੋਂ ਨਿਰਲੇਪਤਾ ਘਰ ਬਹਿ ਕੇ ਵੀ ਹੋ ਸਕਦੇ ਹਨ :-

**ਰੇ ਮਨ ਐਸੋ ਕਰ ਸਨਿਆਸਾ ॥**
**ਬਨ ਸੇ ਸਦਨ ਸਬੈ ਕਰ ਸਮਝਹੁ**
**ਮਨ ਹੀ ਮਾਹਿ ਉਦਾਸਾ ॥੧॥ ਰਹਾਉ ॥**
**ਜਤ ਕੀ ਜਟਾ ਜੋਗ ਕੋ ਮੰਜਨੁ**
**ਨੇਮ ਕੇ ਨਖਨ ਬਢਾਓ ॥**
**ਗਿਆਨ ਗੁਰੂ ਆਤਮ ਉਪਦੇਸਹੁ**
**ਨਾਮੁ ਬਿਭੂਤ ਲਗਾਓ ॥੧॥**

ਇਸ ਦੇ ਨਾਲ-ਨਾਲ ਸਦਾਚਾਰਕ ਕੀਮਤਾਂ ਬਾਰੇ ਵੀ ਦ੍ਰਿੜ੍ਹ ਕਰਵਾਇਆ :-

**ਅਲਪ ਅਹਾਰ ਸੁਲਪ ਸੀ ਨਿੰਦ੍ਰਾ**
**ਦਯਾ ਛਿਮਾ ਤਨ ਪ੍ਰੀਤਿ ॥**
**ਸੀਲ ਸੰਤੋਖ ਸਦਾ ਨਿਰਬਾਹਿਬੋ**
**ਹਵੈਬੋ ਤ੍ਰਿਗੁਣ ਅਤੀਤਿ ॥੨॥**
**ਕਾਮ ਕ੍ਰੋਧ ਹੰਕਾਰ ਲੋਭ ਹਠ**

ਮੋਹ ਨ ਮਨ ਸਿਉ ਲਯਾਵੈ ॥

ਤਬ ਹੀ ਆਤਮ ਤਤ ਕੋ ਦਰਸੇ

ਪਰਮ ਪੁਰਖ ਕਹ ਪਾਵੈ ॥੩॥੧॥

ਸ਼ਬਦ ਹਜ਼ਾਰੇ ॥ ਪਾ: ੧੦॥

17) 1699 ਈ. ਵਿਚ ਖਾਲਸਾ ਪੰਥ ਸਾਜਕੇ ਆਪ ਜੀ ਨੇ ਫਰਮਾਇਆ ਸੀ :-

**ਖ਼ਾਲਸਾ ਮੇਰੋ ਰੂਪ ਹੈ ਖ਼ਾਸ,**............

**ਖ਼ਾਲਸਾ ਮੇਰੋ ਪਿੰਡ ਪਰਾਨ,**............

**ਖ਼ਾਲਸਾ ਮੇਰੋ ਸਤਿਗੁਰ ਪੂਰਾ**............

ਚਮਕੌਰ ਦੀ ਗੜ੍ਹੀ ਵਿਚ ਪੰਜ ਸਿੰਘਾਂ ਨੂੰ ਗੁਰਿਆਈ ਬਖ਼ਸ਼ ਦਿੱਤੀ । ਅੰਤ ਨਾਂਦੇੜ ਵਿਖੇ ਗੁਰੂ ਗ੍ਰੰਥ ਨੂੰ ਗੁਰੂ ਦੀ ਜੋਤ ਅਤੇ ਉਸਦੀ ਛਤਰ-ਛਾਇਆ (ਰਹਿਨੁਮਾਈ) ਹੇਠ ਗੁਰੂ ਪੰਥ ਨੂੰ ਗੁਰੂ ਦਾ ਸਰੀਰ ਥਾਪਕੇ ਜਿੱਥੇ ਆਪ ਜੀ ਨੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਸਿਖਰ 'ਤੇ ਪਹੁੰਚਾਇਆ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਰਹਿਨੁਮਾਈ ਲਈ ਸਰਬ-ਸਾਂਝੀ ਖਿੱਚ ਦਾ ਕੇਂਦਰ-ਬਿੰਦੂ (Rallying-Point) ਬਣਾ ਦਿਤਾ, ਜਿਸ ਦੁਆਲੇ ਸਿੱਖ ਕੌਮ ਹਮੇਸ਼ਾ-ਹਮੇਸ਼ਾ ਲਈ ਜੁੜ ਗਈ । ਇਸ ਦੇ ਨਾਲ ਹੀ ਸ਼ਖ਼ਸੀ ਗੁਰੂ ਨੂੰ ਨਾਮਜ਼ਦ ਕਰਨ ਅਤੇ ਉਸਦੀ ਸੰਭਾਵੀ ਵਿਰੋਧਤਾ (ਜੋ ਪ੍ਰਿਥੀਏ, ਧੀਰ ਮੱਲੀਏ ਅਤੇ ਰਾਮ ਰਾਈਏ ਕਰਦੇ ਆ ਰਹੇ ਸਨ) ਦਾ ਬਖੇੜਾ ਵੀ ਸਦਾ ਲਈ ਮੁੱਕ ਗਿਆ ।

18) ਗੁਰੂ ਜੀ ਦੀਆਂ ਆਖਰੀ ਹਦਾਇਤਾਂ:

ਪੂਜਾ ਅਕਾਲ ਕੀ, (Worship only the One Timeless God.)

ਇਕ ਅਕਾਲ ਪੁਰਖ ਦੀ ਭਜਨ-ਬੰਦਗੀ ਕਰਨਾ ।

ਪਰਚਾ[1] ਸ਼ਬਦ[2] ਕਾ, (Read, understand and assimilate the Revealed Word)

ਬਾਣੀ ਪੜ੍ਹਨਾ, ਵਿਚਾਰਨਾ ਅਤੇ ਜੀਵਨ ਵਿਚ ਢਾਲਣਾ ।

ਦੀਦਾਰ ਖ਼ਾਲਸੇ[3] ਕਾ । (Cherish the sight of the Khalsa)

ਖਾਲਸੇ ਦੇ ਦਰਸ਼ਨ ਕਰਕੇ ਨਿਹਾਲ ਹੋਣਾ ।

1. ਪਰਚਾ = ਗਿਆਨ
2. ਸ਼ਬਦ = ਸ਼ਬਦ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ — ਗੁਰੂ ਦੀ ਆਤਮਾ)
3. ਖ਼ਾਲਸਾ = ਖ਼ਾਲਸਾ ਪੰਥ (ਸ੍ਰੀ ਗੁਰੂ ਪੰਥ — ਗੁਰੂ ਦਾ ਸਰੀਰ)



## 20. ਗੁਰੂ ਜੀ ਪ੍ਰਤੀ ਕੁਝ ਵਿਦਵਾਨਾਂ ਦੇ ਵਿਚਾਰ :-

1. **ਲਾਲਾ ਦੌਲਤ ਰਾਏ**:- ਇਕੱਲੇ ਔਰੰਗਜ਼ੇਬ ਦੀਆਂ ਕਰਤੂਤਾਂ ਹੀ ਵੇਖੀਆਂ ਜਾਣ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਹੁਣ ਉਹ ਸਮਾਂ ਆ ਗਿਆ ਸੀ ਕਿ ਹਿੰਦੂਆਂ ਦਾ ਨਾਂ ਵੀ ਹਿੰਦੋਸਤਾਨ ਦੀ ਧਰਤੀ ਤੋਂ ਮਿਟ ਜਾਂਦਾ । ਇਥੇ ਵੀ ਸਾਰੇ ਹਿੰਦੂ ਆਪਣੇ ਧਰਮ ਦਾ ਤਿਆਗ ਕਰ ਦਿੰਦੇ ਤੇ ਇਸਲਾਮ ਦੀ ਜ਼ਾਲਮ ਤਲਵਾਰ ਅੱਗੇ ਸਿਰ ਨੀਵਾਂ ਕਰਕੇ ਆਪਣੀ ਪੁਰਾਣੀ ਸੰਸਕ੍ਰਿਤੀ ਤੋਂ ਹੱਥ ਧੋ ਬੈਠਦੇ । ਕਿਉਂਕਿ, ਹਿੰਦੂਆਂ ਵਿਚ ਹੁਣ ਇਸਲਾਮੀ ਜਬਰ ਤੇ ਜੋਸ਼ ਦਾ ਟਾਕਰਾ ਕਰਨ ਦੀ ਨਾ ਹਿੰਮਤ ਸੀ ਅਤੇ ਨਾ ਹੀ ਤਾਕਤ, ਨਾ ਹੀ ਹੌਸਲਾ ਸੀ ਅਤੇ ਨਾ ਹੀ ਸੂਝ.........। ਹਿੰਦੂ ਕੌਮ ਖਿੰਡਰੀ-ਪੁੰਡਰੀ, ਨਿਤਾਣੀ ਤੇ ਟੋਟੇ-ਟੋਟੇ ਹੋਈ ਪਈ, ਜਾਤਾਂ ਅਤੇ ਉਚ-ਨੀਚਤਾ ਵਿਚ ਵੰਡੀ ਹੋਈ ਸੀ । ਐਨ ਸੰਭਵ ਸੀ ਤੇ ਕਰੀਬ ਹੀ ਸੀ ਕਿ ਇਸਦੇ ਜੀਵਨ ਦੀ ਰਹਿੰਦੀ-ਖੂੰਹਦੀ ਜੋਤ ਵੀ ਬੁਝ ਜਾਂਦੀ ਤੇ ਇਸਦੇ ਪ੍ਰਾਣ ਪੰਖੇਰੂ ਸਦਾ ਲਈ ਉਡਾਰੀ ਮਾਰ ਜਾਂਦੇ.........। ਉਸ ਦੀ ਜੀਵਨ ਨੱਈਆ ਤੂਫਾਨ ਵਿਚ ਐਸੀ ਘਿਰੀ ਹੋਈ ਸੀ ਕਿ ਕਿਨਾਰੇ ਤੇ ਲੱਗਣ ਦੀ ਕੋਈ ਆਸ ਬਾਕੀ ਨਹੀਂ ਸੀ । ਉਸਦਾ ਕੋਈ ਖਵੱਈਆ ਹੀ ਨਹੀਂ ਸੀ ਅਤੇ ਨਾ ਹੀ ਉਸਨੂੰ ਕੋਈ ਬਚਾ ਕੇ ਕਿਨਾਰੇ ਲਾਉਣ ਵਾਲਾ ਹੀ ਸੀ । ਹਰ ਪਾਸੇ ਲਹਿਰਾਂ ਦੇ ਥਪੇੜੇ ਤੇ ਭੰਵਰ ਦੇ ਚੱਕਰ ਸਨ । ਐਸੀ ਨਿਰਾਸਤਾ ਵਿਚ ਅਚਨਚੇਤ ਇਕ ਹਸਤੀ ਪੈਦਾ ਹੋਈ ਜਿਸਨੇ ਹਿੰਦੂ ਧਰਮ ਦੀ ਡੁੱਬਦੀ ਨੱਈਆਂ ਨੂੰ ਤੂਫਾਨ ਵਿਚੋਂ ਕੱਢਿਆ ਹੀ ਨਹੀਂ ਸਗੋਂ ਕੰਢੇ 'ਤੇ ਲਿਆ ਖੜ੍ਹਾ ਕੀਤਾ । ਹਿੰਦੂ ਧਰਮ ਦੇ ਸੁੱਕ ਚੁਕੇ ਤੇ ਕੁਮਲਾ ਗਏ ਬਾਗ਼ ਲਈ ਉਹ ਰਹਿਮਤ ਦੀ ਵਰਖਾ, 'ਤੇ ਉਜੜ ਰਹੇ ਚਮਨ ਦਾ ਮਾਲੀ ਤੇ ਦਰਦ ਵੰਡਾਉਂਣ ਵਾਲਾ ਸੀ । ਪਰ ਉਹ ਹੈ ਕੌਣ ਸੀ ? ਹਾਂ, ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦੇ ਨਾਂ ਤੋਂ ਸਾਰਾ ਸੰਸਾਰ ਭਲੀ ਪ੍ਰਕਾਰ ਜਾਣੂ ਹੈ । ਜਿਸ ਬੂਟੇ ਨੂੰ ਗੁਰੂ ਨਾਨਕ ਦੇਵ ਜੀ ਨੇ ਲਾਇਆ ਸੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਖ਼ੂਨ ਦਾ ਪਾਣੀ ਦੇ ਕੇ ਤੇ ਹੱਡੀਆਂ ਦੀ ਖਾਦ ਪਾ ਕੇ ਵੱਡਾ ਕੀਤਾ ਸੀ ਅਤੇ ਜਿਸ ਨੂੰ ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਸੀਸ ਦੇ ਕੇ ਪਾਲਿਆ ਪੋਸਿਆ ਸੀ, ਉਸਦੀ ਸੇਵਾ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮਾਤਾ, ਚਾਰ ਪੁੱਤਰਾਂ, ਪੰਜ ਪਿਆਰਿਆਂ ਅਤੇ ਹਜ਼ਾਰਾ ਸ਼ਰਧਾਲੂ ਸਿੱਖ ਦੁਲਾਰਿਆਂ ਦੀਆਂ ਲਹੂ ਦੀਆਂ ਵਗਦੀਆਂ ਨਦੀਆਂ ਨਾਲ ਐਸਾ ਬਲਵਾਨ ਕੀਤਾ ਕਿ ਉਸ ਨਾਲ ਫਲ ਲਗ ਪਏ । ਉਹ ਫਲ ਕੀ ਸਨ ? ਉਹ ਸਨ ਕੌਮੀ ਪਿਆਰ, ਧਾਰਮਿਕ ਭਾਈਚਾਰਾ, ਪ੍ਰਭੂ ਭਗਤੀ ਅਤੇ ਪ੍ਰਭੂ ਪਿਆਰ । ਅਜਿਹੇ ਪੁਰਸ਼ੋਤਮ ਪੀਰ, ਮਹਾਂ ਉਪਕਾਰੀ, ਲਾਸਾਨੀ ਯੋਧੇ, ਦੇਸ਼ ਪੁਜਾਰੀ ਅਤੇ ਕੌਮੀ ਉਸਰੱਈਏ ਗੁਰੂ ਗੋਬਿੰਦ ਸਿੰਘ ਜੀ ਸਨ ।

2. **ਸਾਧੂ ਟੀ.ਐਲ.ਵਾਸਵਾਨੀ**:- ਜੋ ਕੰਮ ਹਜ਼ਾਰਾਂ ਰਲਕੇ ਵੀ ਨਾ ਕਰ ਸਕੇ, ਉਹ ਇੱਕੋ ਨੇ ਹੀ ਕਰ ਵਿਖਾਇਆ । ਜੋ ਪੀਸ ਕੇ ਮਿੱਟੀ ਵਿਚ ਰਲਾਏ ਜਾ ਰਹੇ ਸਨ ਅਤੇ ਹੀਣਿਆਂ ਵਾਂਗੂੰ ਰਹਿਣ 'ਤੇ ਮਜ਼ਬੂਰ ਕਰ ਦਿੱਤੇ ਗਏ ਸਨ, ਉਨ੍ਹਾਂ ਨੂੰ ਆਪਣੇ ਪੈਰਾਂ ਤੇ ਖੜਾ ਕੀਤਾ, ਛਾਤੀ ਨਾਲ ਲਾਇਆ, ਗੁਰੂ ਕਾ ਬੇਟਾ ਆਖਿਆ, ਅੰਮ੍ਰਿਤ ਨਾਲ ਨਿਵਾਜਿਆ ਅਤੇ ਸਰਦਾਰ ਬਣਾ ਦਿੱਤਾ । ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਇਕ ਸਤਰੰਗੀ ਪੀਂਘ ਸੀ:-

i) ਗੁਰੂ ਨਾਨਕ ਜੀ ਦੀ ਮਿੱਠਤ ਨੀਵੀਂ (Sweet humility)
ii) ਈਸਾ ਜੀ ਦੀ ਤਰਸ-ਭਰੀ ਤੱਕਣੀ (Pitying stare)
iii) ਬੁੱਧ ਜੀ ਵਾਲਾ ਆਤਮ ਗਿਆਨ (Spiritual knowledge)
iv) ਹਜ਼ਰਤ ਮੁਹੰਮਦ ਵਾਲਾ ਡੁਲ੍ਹ-ਡੁਲ੍ਹ ਪੈਂਦਾ ਜੋਸ਼ (brimming enthusiasm)
v) ਕ੍ਰਿਸ਼ਨ ਜੀ ਦੀ ਸੂਰਜ-ਵਤ ਭਖਦੀ ਆਭਾ (sun-like glowing lustre)
vi) ਰਾਮ ਜੀ ਵਰਗੇ ਮਰਯਾਦਾ ਪੁਰਸ਼ੋਤਮ (excellent disciplinarian)
vii) ਸ਼ਾਹਾਂ ਵਾਲੀ ਸ਼ਾਨ (Kings-like grandeur)

3. **ਮੁਹੰਮਦ ਲਤੀਫ**:- ਗੁਰੂ ਗੋਬਿੰਦ ਸਿੰਘ ਜੀ ਦਾ ਨਿਸ਼ਾਨਾ ਉੱਚਾ ਸੀ ਅਤੇ ਜਿਸ ਕੰਮ ਨੂੰ ਉਨ੍ਹਾਂ ਹੱਥ ਪਾਇਆ ਉਹ ਮਹਾਨ ਸੀ । ......... ਇਹ ਸਭ ਉਨ੍ਹਾਂ ਦੀ ਬਰਕਤ ਹੀ ਹੈ ਕਿ ਮੁਰਦਾ ਤੇ ਲਿਤਾੜੇ ਹੋਏ ਪੁਰਸ਼ਾਂ ਨੇ ਹੀ ਰਾਜਨੀਤਕ ਪ੍ਰਭਤਾ ਅਤੇ ਆਜ਼ਾਦੀ ਪ੍ਰਾਪਤ ਕੀਤੀ ।......... ਖ਼ਤਰੇ ਅਤੇ ਤਬਾਹੀ ਦੇ ਵਿਚਕਾਰ ਵੀ ਉਨ੍ਹਾਂ ਇਸਤਕਲਾਲ (ਟਿਕਾਅ, ਨਿਸਚੇ) ਦਾ ਪੱਲਾ ਨਾ ਛੱਡਿਆ। ਜੰਗ ਦੇ ਮੈਦਾਨ ਵਿਚ ਉਨ੍ਹਾਂ ਦਾ ਹੌਸਲਾ ਅਤੇ ਬਹਾਦਰੀ ਵੇਖਣ ਵਾਲੀ ਸੀ । ਉਹ ਧਾਰਮਿਕ ਗੱਦੀ ਤੇ 'ਰੂਹਾਨੀ ਰਹਿਬਰ', ਜੰਗ ਵਿਚ 'ਨਿਰਭੈ ਯੋਧੇ', ਮਸਨਦ ਤੇ 'ਸੱਚਾ ਪਾਤਸ਼ਾਹ' ਅਤੇ ਸੰਗਤਾਂ ਵਿਚ ਵਿਚਰਦੇ 'ਦਰਵੇਸ਼' ਲਗਦੇ ਸਨ । ਭਾਵੇਂ ਗੁਰੂ ਜੀ ਆਪਣੇ ਨਿਸ਼ਾਨੇ ਨੂੰ ਪੂਰਾ ਹੁੰਦਾ ਵੇਖ ਨਾ ਸਕੇ ਪਰ ਮੰਨੀ-ਪ੍ਰਮੰਨੀ ਗੱਲ ਹੈ ਕਿ ਉਨ੍ਹਾਂ ਦੀ ਕਿਰਪਾ ਨਾਲ ਹੀ ਬੇ-ਲਗਾਮੇ ਲੋਕ ਇਕ ਲੜੀ ਵਿਚ ਪਰੋਏ ਗਏ ਅਤੇ ਯੋਧੇ ਬਣੇ ।

4. **ਮਹਾਂ ਕਵੀ ਸੰਤੋਖ ਸਿੰਘ**:-

**ਛਾਏ ਜਾਤੀ ਏਕਤਾ, ਅਨੇਕਤਾ ਵਿਲਾਏ ਜਾਤੀ,**
**ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ ।**
**ਪਾਪ ਪਰਪਕ ਜਾਤੇ, ਧਰਮ ਧਸਕ ਜਾਤੇ,**



**ਬਰਨ ਗਰਕ ਜਾਤੇ, ਸਹਿਤ ਬਿਧਾਨ ਕੀ ।**
**ਦੇਵੀ ਦੇਵ ਦੇਹੁਰੇ, ਸੰਤੋਖ ਸਿੰਘ ਦੂਰ ਹੋਤੇ,**
**ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ ।**
**ਸ੍ਰੀ ਗੁਰੂ ਗੋਬਿੰਦ ਸਿੰਘ, ਪਾਵਨ ਪਵਨ ਸੂਰ,**
**ਮੂਰਤ ਨ ਹੋਤੀ ਜੋ ਪੈ ਕਰੁਣਾ ਨਿਧਾਨ ਕੀ ।**

5. **ਭਾਈ ਗੁਰਦਾਸ (ਦੂਜਾ)**:-

**ਮਧੁਸੂਦਨ[੧], ਮਾਧੋ[੨], ਮੁਰਾਰਿ[੩] ਬਹੁ ਰੰਗੀ ਖੇਲਾ ।**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ।**.............੧੨/੪੧
**ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਅਕੇਲਾ ।**......੧੭/੪੧
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ।**

6. **ਡਾ.ਜ਼ਾਕਿਰ ਹੁਸੈਨ**:- ਜਦ ਤੱਕ ਮਨੁੱਖਤਾ ਅੰਦਰੋਂ-ਬਾਹਰੋਂ ਭੈ-ਭੀਤ ਅਤੇ ਦਹਿਸ਼ਤ ਦਾ ਸ਼ਿਕਾਰ ਹੈ; ਜਦ ਤੱਕ ਅੰਦਰਲਾ ਸੁੱਤਾ ਹੋਇਆ ਹੈ ਅਤੇ ਮਨੁੱਖ ਨਿੱਮੋਝੂਣਾ ਹੋ ਕੇ ਸਮਾਜੀ ਵਿਤਕਰੇ, ਮਜ਼੍ਹਬੀ ਕੱਟੜਤਾ ਅਤੇ ਵਿਅਰਥ ਰੀਤੀਰਿਵਾਜਾਂ ਵਿਚ ਉਲਝਿਆ ਹੋਇਆ ਹੈ, ਦੁਨੀਆਂ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੀ ਮਹਾਨ ਜੋਤ ਗੁਰੂ ਗੋਬਿੰਦ ਸਿੰਘ ਜੀ ਵੱਲ ਨੀਝ ਲਾ ਕੇ ਵੇਖਦੀ ਹੀ ਰਹੇਗੀ ।

7. **ਐਮ. ਏ. ਮੈਕਾਲਿਫ**:- ਗੁਰੂ ਜੀ ਦੇ ਉਪਦੇਸ਼ਾਂ ਦਾ ਜਾਦੂਈ ਪ੍ਰਭਾਵ ਸੀ, ਜਿਸ ਨੇ ਲਿਤਾੜੇ ਹੋਏ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ । ਸਿੱਖ ਗੁਰੂ ਸਾਹਿਬਾਨ ਤੋਂ ਪਹਿਲਾਂ ਦੁਨੀਆਂ ਦੇ ਕਿਸੇ ਵੀ ਜਰਨੈਲ ਨੇ ਉਨ੍ਹਾਂ ਇਨਸਾਨਾਂ ਨੂੰ ਜਥੇਬੰਦ ਕਰਨ ਦਾ ਖਿਆਲ ਤੱਕ ਨਾ ਕੀਤਾ ਜਿਨ੍ਹਾਂ ਨੂੰ ਜਨਮਾਂ ਤੋਂ ਦੁਰਕਾਰਿਆ ਜਾ ਰਿਹਾ ਸੀ, ਪਰ ਗੁਰੂ ਜੀ ਨੇ ਉਨ੍ਹਾਂ ਅਖੌਤੀ ਨੀਵਿਆਂ ਅਤੇ ਸੰਸਾਰ ਦੀ ਰਹਿੰਦ-ਖੂੰਹਦ ਵਿਚ ਐਸੀ ਸ਼ਕਤੀ ਭਰੀ ਕਿ ਉਹ ਯੋਧੇ ਹੋ ਨਿਬੜੇ ਅਤੇ ਯੋਧੇ ਵੀ ਐਸੇ ਜਿਨ੍ਹਾਂ ਦੀ ਦ੍ਰਿੜ੍ਹਤਾ, ਦਲੇਰੀ, ਬਹਾਦਰੀ ਅਤੇ ਵਫ਼ਾਦਾਰੀ ਨੇ ਆਗੂ ਨੂੰ ਕਦੇ ਮਾਯੂਸ ਨਾ ਕੀਤਾ ।

8. **ਜੇ.ਡੀ.ਕਨਿੰਘਮ**:- ਸਿਰਫ ਸੰਸਾਰਕ ਕਾਮਯਾਬੀ ਹੀ ਕਿਸੇ ਦੀ ਵਡਿਆਈ ਦੀ ਨਿਸ਼ਾਨੀ ਨਹੀਂ ਹੁੰਦੀ । ਵਡਿੱਤਣ ਤਾਂ ਸਦਾ ਆਦਰਸ਼ ਤੇ ਨਿਸ਼ਾਨੇ ਦੀ ਹੁੰਦੀ ਹੈ। ਲੀਡਰ ਦੀ ਵਡਿਆਈ ਦਾ ਪੈਮਾਨਾ ਉਸਦਾ ਆਦਰਸ਼ ਅਤੇ ਸੰਘਰਸ਼ ਹੁੰਦਾ ਹੈ ।

---

੧. ਕਰਮ ਨਾਸ਼ਕ ੨. ਪ੍ਰਕਾਸ਼ ਦਾ ਸਵਾਮੀ ···ਵਾਹਿਗੁਰੂ ੩. ਅੰਹਕਾਰ ਦਾ ਸ਼ਤ੍ਰੂ।

ਜਦ ਗੁਰੂ ਜੀ ਦਾ ਦੁਸ਼ਟਾਂ ਨੂੰ ਖ਼ਤਮ ਕਰਨ ਦਾ ਮਿਸ਼ਨ ਵੇਖਦੇ ਹਾਂ ਤਾਂ ਉਨ੍ਹਾਂ ਦੀ ਵਡਿਆਈ ਅਤੇ ਮਹਾਨ ਸ਼ਖ਼ਸੀਅਤ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ । ਉਨ੍ਹਾਂ ਦਾ ਸਥਾਨ, ਮਹਾਂਪੁਰਸ਼ਾਂ ਦੀ ਕਤਾਰ ਵਿਚ ਬੁਹਤ ਉੱਚਾ ਹੈ । ਉਨ੍ਹਾਂ ਸਿੱਖਾਂ ਵਿਚ ਐਸੀ ਰੂਹ ਫੂਕੀ ਕਿ ਨਾ ਸਿਰਫ ਉਨ੍ਹਾਂ ਦੇ ਮਨ ਹੀ ਬਦਲ ਗਏ, ਸਗੋਂ ਉਹ ਹਰ ਪੱਖੋਂ ਬਲਵਾਨ ਅਤੇ ਤਕੜੇ ਹੋ ਗਏ । ਅਕਲ ਤੇ ਸ਼ਕਲ ਦੋਵੇਂ ਬਦਲਾ ਦਿੱਤੀਆਂ ਅਤੇ ਉਨ੍ਹਾਂ ਉਹ ਕਾਰਨਾਮੇ ਕਰ ਵਿਖਾਏ ਜੋ ਹੋਰ ਕਿਸੇ ਤੋਂ ਨਾ ਹੋ ਸਕੇ ।......ਜਿਸ ਸਿਆਣਪ ਨਾਲ ਉਨਾਂ ਕਿਲ੍ਹਿਆ ਦੀ ਉਸਾਰੀ ਕੀਤੀ, ਉਨ੍ਹਾਂ ਨੂੰ ਇਕ ਮਹਾਨ ਜਰਨੈਲ ਸਿੱਧ ਕਰਨ ਲਈ ਕਾਫੀ ਹੈ ।

**9. ਆਰਨੌਲਡ ਟਾਇਨਬੀ:-** *ਗੁਰੂ ਗੋਬਿੰਦ ਸਿੰਘ ਜੀ ਨੇ ਵੀ. ਆਈ. ਲੈਨਿਨ ਤੋਂ ਦੋ ਸਦੀਆਂ ਪਹਿਲਾਂ ਮਨੁੱਖੀ ਭਾਈਚਾਰਾ ਬਣਾਇਆ ।

## 21. ਸਮਕਾਲੀਨ ਹੁਕਮਰਾਨ :-

| | | | |
|---|---|---|---|
| i) | ਔਰੰਗਜ਼ੇਬ | – | (1658-1707 ਈ.) |
| ii) | ਬਹਾਦਰ ਸ਼ਾਹ | – | (1707-1712 ਈ.) |

---

* ਗੁਰੂ ਨਾਨਕ ਦੇਵ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਵੀ ਦੋ ਸਦੀਆਂ ਪਹਿਲਾਂ ਮਨੁੱਖੀ ਭਾਈਚਾਰੇ ਦੀ ਨੀਂਹ ਰੱਖ ਦਿੱਤੀ ਸੀ:

- ਸਭ ਮਹਿ ਜੋਤਿ ਜੋਤਿ ਹੈ ਸੋਇ ॥ ......... ਅੰਗ:੬੧੧
- ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
  ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ......... ਅੰਗ:੧੫

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਹੀ ਅੱਗੇ ਤੋਰਿਆ ਅਤੇ ਸਿਖਰ 'ਤੇ ਪਹੁੰਚਾਇਆ ਸੀ ।



ੴ ਸਤਿਗੁਰ ਪ੍ਰਸਾਦਿ ॥

## 22. ਸਿੱਖ ਧਰਮ ਬਾਰੇ ਮਹੱਤਵਪੂਰਨ ਜਾਣਕਾਰੀ :-

### ੳ) ਮੂਲ ਮੰਤਰ

ਵਾਹਿਗੁਰੂ, ਪਰਮਾਤਮਾ, ਖ਼ੁਦਾ ਬਾਰੇ ਚਿੱਤਰ ਗੁਰੂ ਜੀ ਨੇ ਮੂਲ ਮੰਤਰ ਵਿਚ ਚਿਤ੍ਰਿਆ ਹੈ । ਦੂਸਰੇ ਸ਼ਬਦਾਂ ਵਿਚ ਮੂਲ ਮੰਤਰ ਵਾਹਿਗੁਰੂ ਦੀ ਸੰਖੇਪ, ਪਰੰਤੂ, ਮੁਕੰਮਲ ਵਿਆਖਿਆ ਹੈ :-

| | |
|---|---|
| ੴ | ਵਾਹਿਗੁਰੂ ਇਕ ਹੈ, ਸਭ ਉਸਦਾ ਹੀ ਪਸਾਰਾ ਹੈ । |
| ਸਤਿਨਾਮੁ | ਉਹ ਸਦਾ ਰਹਿਣ ਵਾਲਾ ਹੈ ਅਤੇ ਸਭ ਗੁਣਾ ਦਾ ਸਮੂੰਹ ਹੈ। |
| ਕਰਤਾ ਪੁਰਖੁ | ਉਹ ਸਿਰਜਨਹਾਰ ਹੈ ਅਤੇ ਸਭ ਸ਼ਕਤੀਆਂ ਦਾ ਪ੍ਰਤੀਕ ਹੈ। |
| ਨਿਰਭਉ | ਉਹ ਭਉ ਅਤੇ ਹਰ ਮਰਯਾਦਾ ਤੋਂ ਆਜ਼ਾਦ ਹੈ । |
| ਨਿਰਵੈਰੁ | ਉਹ ਕਿਸੇ ਨਾਲ ਵੈਰ ਨਹੀਂ ਰੱਖਦਾ, ਮਿਹਰਬਾਨ ਹੈ । |
| ਅਕਾਲ ਮੂਰਤਿ | ਉਹ ਸਮੇਂ ਦੀ ਬੰਦਸ਼ ਵਿਚ ਨਹੀਂ (ਕਾਲ ਰਹਿਤ) ਹੈ, ਉਸਦੀ ਜੋਤ ਦਾ ਪ੍ਰਕਾਸ਼ ਹਰ ਕਿਸੇ ਵਿਚ ਹੈ । |
| ਅਜੂਨੀ | ਉਹ ਜਨਮ-ਮਰਨ ਤੋਂ ਰਹਿਤ ਹੈ । |
| ਸੈਭੰ | ਉਸਦਾ ਪ੍ਰਕਾਸ਼ ਆਪਣੇ ਆਪ, ਸੁਤੇ-ਸਿੱਧ ਹੈ । |
| ਗੁਰ ਪ੍ਰਸਾਦਿ ॥ | ਉਸਦੀ ਸੋਝੀ ਤੇ ਪ੍ਰਾਪਤੀ ਗੁਰੂ ਦੀ ਮਿਹਰ ਸਦਕਾ ਹੀ ਹੁੰਦੀ ਹੈ। |

### ਅ) ਨਿਤਨੇਮ ਦੀਆਂ ਬਾਣੀਆਂ

ਸਵੇਰੇ

1. ਜਪੁਜੀ ਸਾਹਿਬ
2. ਜਾਪੁ ਸਾਹਿਬ
3. ਸਵੱਯੇ ਸਾਹਿਬ
4. ਚੌਪਈ ਸਾਹਿਬ
5. ਅਨੰਦੁ ਸਾਹਿਬ

ਸ਼ਾਮ

1. ਰਹਿਰਾਸ

ਰਾਤ

1. ਕੀਰਤਨ ਸੋਹਿਲਾ

**ਨੋਟ:-**

1. ਕੁਛ ਲੋਕ **'ਅਸਾ ਦੀ ਵਾਰ'** ਦਾ ਪਾਠ ਵੀ ਨੇਮ ਨਾਲ ਰੋਜ ਕਰਦੇ ਹਨ।
2. ਕੁਛ ਲੋਕ **'ਸੁਖਮਨੀ ਸਾਹਿਬ'** ਦਾ ਪਾਠ ਵੀ ਨੇਮ ਨਾਲ ਰੋਜ ਕਰਦੇ ਹਨ।

## ੲ) ਪੰਜ ਪਿਆਰੇ

1. ਭਾਈ ਦੈਯਾ ਸਿੰਘ – ਇਹ ਦੈਯਾ ਰਾਮ ਲਾਹੌਰ (ਪੰਜਾਬ) ਦੇ ਰਹਿਣ ਵਾਲੇ ਖਤਰੀ ਸਨ ।
2. ਭਾਈ ਧਰਮ ਸਿੰਘ – ਇਹ ਧਰਮ ਦਾਸ ਹਸਤਨਾਪੁਰ (ਦਿੱਲੀ) ਦੇ ਰਹਿਣ ਵਾਲੇ ਜੱਟ ਸਨ ।
3. ਭਾਈ ਹਿੰਮਤ ਸਿੰਘ – ਇਹ ਹਿੰਮਤ ਰਾਏ ਜਗਨ ਨਾਥ ਪੁਰੀ (ਉਡੀਸ਼ਾ) ਦੇ ਰਹਿਣ ਵਾਲੇ ਝੀਊਰ ਸਨ।
4. ਭਾਈ ਮੋਹਕਮ ਸਿੰਘ – ਇਹ ਮੋਹਕਮ ਚੰਦ ਦਵਾਰਕਾ (ਗੁਜਰਾਤ) ਦੇ ਰਹਿਣ ਵਾਲੇ ਛੀਂਬਾ ਸਨ ।
5. ਭਾਈ ਸਾਹਿਬ ਸਿੰਘ – ਇਹ ਸਾਹਿਬ ਚੰਦ ਬਿਦਰ (ਕਰਨਾਟਕਾ) ਦੇ ਰਹਿਣ ਵਾਲੇ ਨਾਈ ਸਨ ।

ਇਨ੍ਹਾਂ ਦੀ ਚੋਣ ਅਤੇ ਇਨ੍ਹਾਂ ਦੁਆਰਾ ਅੰਮ੍ਰਿਤ-ਪਾਨ ਕਰਨ ਨਾਲ ਇਕ ਨਵੇਂ ਪੰਥ—ਖਾਲਸਾ ਪੰਥ (ਸੰਤ ਸਿਪਾਹੀਆਂ ਦੀ ਕੌਮ) ਦੀ ਸਿਰਜਨਾ ਹੋਈ ।

## ਸ) ਚਾਰ ਸਾਹਿਬਜ਼ਾਦੇ

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਪੁੱਤਰ)

1. ਸਾਹਿਬਜ਼ਾਦਾ ਅਜੀਤ ਸਿੰਘ
2. ਸਾਹਿਬਜ਼ਾਦਾ ਜੁਝਾਰ ਸਿੰਘ

ਇਨ੍ਹਾਂ ਦੋਵਾਂ ਨੇ ਗੁਰੂ-ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦੀਆਂ ਅੱਖਾਂ ਦੇ ਸਾਮ੍ਹਣੇ, ਪੰਜ ਪਿਆਰਿਆਂ ਤੋਂ ਪਹਿਲਾਂ, ਚਮਕੌਰ ਦੇ ਯੁੱਧ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ ।

3. ਸਾਹਿਬਜ਼ਾਦਾ ਜੋਰਾਵਰ ਸਿੰਘ
4. ਸਾਹਿਬਜ਼ਾਦਾ ਫਤਹਿ ਸਿੰਘ

ਇਨ੍ਹਾਂ ਦੋਵਾਂ ਨੇ ਸਰਹਿੰਦ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ । ਇਹ ਮੁਸ਼ਕਲ ਨਾਲ 9 ਅਤੇ 6 ਸਾਲਾਂ ਦੇ ਸਨ ਜਦੋਂ ਵਜ਼ੀਰ ਖਾਂ, ਸੂਬਾ ਸਰਹਿੰਦ, ਦੇ ਹੁਕਮਾਂ ਨਾਲ ਇਨ੍ਹਾਂ ਨੂੰ ਪਹਿਲਾਂ ਕੰਧ ਵਿਚ ਚਿਣਿਆ ਗਿਆ ਅਤੇ ਬਾਅਦ ਵਿਚ ਕੋਹ ਕੇ ਸ਼ਹੀਦ ਕੀਤਾ ਗਿਆ ।



## ਹ) ਪੰਜ ਤਖ਼ਤ ਸਾਹਿਬਾਨ

1. ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ਪੰਜਾਬ
2. ਤਖ਼ਤ ਪਟਨਾ ਸਾਹਿਬ, ਪਟਨਾ, ਬਿਹਾਰ
3. ਤਖ਼ਤ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ, ਪੰਜਾਬ
4. ਤਖ਼ਤ ਹਜ਼ੂਰ ਸਾਹਿਬ, ਅਬਚਲ ਨਗਰ, ਮਹਾਂਰਾਸ਼ਟਰਾ
5. ਤਖ਼ਤ ਦਮਦਮਾ ਸਾਹਿਬ, ਤਲਵੰਡੀ ਸਾਬੋ, ਪੰਜਾਬ

## ਕ) ਪੰਜ ਕਕਾਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਨ ਸਮੇਂ, ਅੰਮ੍ਰਿਤ ਪਾਨ ਕਰਾਉਣ ਉਪ੍ਰੰਤ, ਰਹਿਤ-ਮਰਯਾਦਾ ਵਿਚ ਪੰਜ ਕਕਾਰ ਦੀ ਰਹਿਤ ਵੀ ਦੱਸੀ :-

1. ਕਛਹਿਰਾ – ਸਦਾਚਾਰ ਅਤੇ ਧਾਰਮਿਕ ਸੁਤੰਤਰਤਾ ਦਾ ਚਿੰਨ੍ਹ ਹੈ।

2. ਕੜਾ – ਕੜਾ ਉੱਚੇ ਆਦਰਸ਼ਾਂ ਅਤੇ ਦ੍ਰਿੜ੍ਹਤਾ ਦਾ ਚਿੰਨ੍ਹ ਹੈ।

3. ਕਿਰਪਾਨ – ਸਿੱਖ ਦੇ ਹੱਥ ਵਿਚ ਤਲਵਾਰ ਹੀ ਕਿਰਪਾਨ ਬਣ ਜਾਂਦੀ ਹੈ। ਗਊ, ਗਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਵਾਸਤੇ ਵਰਤੀ ਜਾਂਦੀ ਹੈ। ਇਹ ਸਵੈਮਾਨ ਅਤੇ ਰਾਜਸੀ ਸੁਤੰਤਰਤਾ ਦਾ ਚਿੰਨ੍ਹ ਹੈ ਅਤੇ ਹੱਕ-ਇਨਸਾਫ ਦੀ ਰਾਖੀ ਹੈ।

4. ਕੰਘਾ – ਕੰਘਾ ਸੁੱਚਮ ਅਤੇ ਸੁਚੱਜ ਦਾ ਚਿੰਨ੍ਹ ਹੈ। ਵਾਲਾਂ ਦੀ ਸਾਂਭ-ਸੰਭਾਲ ਕਰਦਾ ਹੈ।

5. ਕੇਸ – ਗੁਰੂ ਨਾਨਕ ਦੇਵ ਜੀ ਤੋਂ ਹੀ ਕੇਸ ਰੱਖਣ ਦੀ ਮਹੱਤਤਾ ਚਲੀ ਆ ਰਹੀ ਹੈ। ਉਨ੍ਹਾਂ ਵਲੋਂ ਭਾਈ ਮਰਦਾਨਾ ਜੀ ਨੂੰ ਦਿੱਤੀਆਂ ਸਿੱਖਿਆਵਾਂ ਵਿਚੋਂ ਇਕ ਸਿੱਖਿਆ ਇਹ ਵੀ ਸੀ ਕਿ ਸਿਰ ਦੇ ਕੇਸ ਨਹੀਂ ਕਟਾਣੇ। ਕੇਸਾਂ ਨੂੰ ਖ਼ੂਬਸੂਰਤੀ ਦਾ ਇਕ ਜ਼ਰੂਰੀ ਅੰਗ ਵੀ ਸਮਝਿਆ ਜਾਂਦਾ ਹੈ।

## ਖ) ਸਿੱਖ ਧਰਮ ਵਿਚ ਕਰਨਯੋਗ ਗੱਲਾਂ

### ਕਰਨਯੋਗ

1. ਵਾਲਾਂ ਦੀ ਸਾਂਭ ਸੰਭਾਲ ਕਰਨੀ ।
2. ਆਪਣੇ ਜੀਵਨ-ਸਾਥੀ ਨਾਲ ਵਫਾਦਾਰੀ ਰੱਖਣੀ ।
3. ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਅਤੇ ਇਸ ਦੀਆਂ ਸਿੱਖਿਆਵਾਂ 'ਤੇ ਅਮਲ ਕਰਨਾ ।
4. ਅੰਮ੍ਰਿਤ ਛਕਣਾ ਅਤੇ ਰਹਿਤ-ਮਰਯਾਦਾ ਦਾ ਪਾਲਨ ਕਰਨਾ ।
5. ਤੜ੍ਹਕੇ ਉੱਠ ਇਸ਼ਨਾਨ ਕਰਨਾ, ਨਿਤਨੇਮ ਕਰਨਾ ਅਤੇ ਕੁਝ ਸਮਾਂ ਸੰਗਤ ਵਿਚ ਬੈਠਣਾ ।
6. ਹਰ ਵੇਲੇ ਉਸਦੀ ਯਾਦ, ਭਾਓ ਅਤੇ ਭਉ ਵਿਚ ਰਹਿਣਾ ।
7. ਨੇਕ ਕਮਾਈ ਕਰਨੀ ਅਤੇ ਲੋੜਵੰਦਾਂ ਦੀ ਮਦਦ ਕਰਨੀ ।
8. ਦੇਗ਼ ਚਲਾਉਣੀ । (ਦੇਗ: ਉਦਾਰਤਾ ਅਤੇ ਖੁਸ਼ਹਾਲੀ ਦਾ ਚਿੰਨ੍ਹ ਅਤੇ ਵੰਡ ਛਕਣ ਦਾ ਪ੍ਰਤੀਕ ਹੈ।)
9. ਤੇਗ਼ ਵਾਹੁਣੀ (ਤੇਗ: ਤਾਕਤ ਅਤੇ ਹੱਕ, ਇਨਸਾਫ ਦਾ ਚਿੰਨ੍ਹ ਅਤੇ ਗਊ, ਗ਼ਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਦਾ ਪ੍ਰਤੀਕ ਹੈ।)
10. ਸੱਚ ਬੋਲਣਾ ਅਤੇ ਸਚਿਆਰ ਜੀਵਨ ਜੀਊਣਾ ।
11. ਧਰਮ, ਜਾਤ, ਰੰਗ, ਨਸਲ, ਰੁਤਬੇ ਅਤੇ ਲਿੰਗ ਦੇ ਵਿਤਕਰੇ ਤੋਂ ਬਿਨਾਂ ਦੁਖੀ ਮਨੁੱਖਤਾ ਨਾਲ ਪਿਆਰ ਅਤੇ ਉਸਦੀ ਸੇਵਾ ਕਰਨੀ ।
12. ਇਕ ਅਕਾਲ ਪੁਰਖ ਵਿਚ ਵਿਸ਼ਵਾਸ ਰੱਖਣਾ ।
13. ਸਭ ਦੇ ਬਰਾਬਰ ਦੇ ਹੱਕਾਂ ਦਾ ਆਦਰ ਕਰਨਾ, ਸਤੀ-ਪ੍ਰਥਾ ਦਾ ਵਿਰੋਧ ਕਰਨਾ ਅਤੇ ਵਿਧਵਾਵਾਂ ਦੇ ਮੁੜ-ਵਿਆਹ ਨੂੰ ਉਤਸ਼ਾਹਤ ਕਰਨਾ ।
14. ਚੰਗੇ ਗੁਣ ਜਿਵੇਂ ਸੱਚਾਈ, ਈਮਾਨਦਾਰੀ, ਹਲੀਮੀ, ਨਿਰਪੱਖਤਾ, ਇਨਸਾਫ, ਪਰਉਪਕਾਰ, ਕ੍ਰਿਤੱਗਤਾ, ਵਫਾਦਾਰੀ ਅਤੇ ਹੋਰ ਸਭ ਨੈਤਿਕ ਅਤੇ ਪਰਿਵਾਰਕ ਗੁਣ ਗ੍ਰਹਿਣ ਕਰਨਾ ।
15. ਚੜ੍ਹਦੀ ਕਲਾ ਵਿਚ ਰਹਿਣਾ, ਭਾਣਾ ਮੰਨਣਾ ਅਤੇ ਸਰਬੱਤ ਦਾ ਭਲਾ ਮੰਗਣਾ ।
16. ਬਾਣੀ ਪੜ੍ਹਨੀ, ਪੜ੍ਹਾਉਣੀ, ਵਿਚਾਰਨੀ ਅਤੇ ਇਸ 'ਤੇ ਅਮਲ ਕਰਨਾ ।



### ਨਾ-ਕਰਨਯੋਗ

1. ਵਾਲਾਂ ਦੀ ਬੇ-ਅਦਬੀ ਕਰਨਾ ।
2. ਸ਼ਰਾਬ, ਸਿਗਰੇਟ, ਤੰਮਾਕੂ ਜਾਂ ਹੋਰ ਨਸ਼ਿਆਂ ਦੀ ਵਰਤੋਂ ਕਰਨਾ ।
3. ਆਪਣੇ ਜੀਵਨ ਸਾਥੀ ਤੋਂ ਬਗੈਰ ਕਿਸੇ ਹੋਰ ਨਾਲ ਸਰੀਰਕ ਸੰਬੰਧ ਬਨਾਉਣੇ।
4. ਕੁੱਠਾ ਖਾਣਾ ।
5. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਝਗੜਾ, ਸਾੜਾ, ਚੁਗਲੀ, ਨਿੰਦਾ, ਖੁਸ਼ਾਮਦ ਕਰਨਾ ।
6. ਬੱਚੀ-ਕੁਸ਼ੀ ਅਤੇ ਗਰਭ-ਪਾਤ ਕਰਨੇ ।
7. ਮੜ੍ਹੀਆਂ, ਕਬਰਾਂ ਦੀ ਪੂਜਾ ਕਰਨੀ ।
8. ਕਿਸੇ ਦੇਹ-ਧਾਰੀ ਨੂੰ ਗੁਰੂ ਮੰਨਣਾ ਅਤੇ ਡੇਰਾ-ਵਾਦ ਨੂੰ ਬੜ੍ਹਾਵਾ ਦੇਣਾ ।
9. ਸਤੀ ਪ੍ਰਥਾ ਜਾਰੀ ਰੱਖਣਾ ਅਤੇ ਵਿਧਵਾਵਾਂ ਦੇ ਮੁੜ-ਵਿਆਹ ਦਾ ਵਿਰੋਧ ਕਰਨਾ ।
10. ਔਰਤਾਂ ਨੂੰ ਬੰਦੀ ਬਨਾਉਣਾ, ਉਨ੍ਹਾਂ ਦਾ ਸ਼ੋਸ਼ਨ ਕਰਨਾ।
11. ਬੁੱਤ ਪੂਜਾ ਕਰਨਾ ।
12. ਦੂਈ, ਦਵੈਤ, ਢੋਂਗ, ਵਹਿਮ-ਭਰਮ ਅਤੇ ਵਿਅਰਥ ਕਰਮ-ਕਾਂਡ ਕਰਨੇ ।
13. ਜਾਤ-ਪਾਤੀ ਵਿਤਕਰਾ ਅਤੇ ਛੂਤ-ਛਾਤ ਕਰਨਾ ।
14. ਆਪਣੇ ਦੇਸ, ਕੌਮ ਅਤੇ ਸਮਾਜ ਵਿਰੋਧੀ ਕੋਈ ਵੀ ਹਰਕਤ ਕਰਨਾ ।
15. ਬਹੁਤਾ ਖਾਣਾ, ਸੌਣਾ ਜਾਂ ਬੋਲਣਾ ।
16. ਸਰਾਧ ਕਰਨੇ ।

## 23. ਸਹਾਇਕ ਹਵਾਲਾ ਪੁਸਤਕਾਂ ਦੀ ਸੂਚੀ :-


1. ਪੁਰਖ ਭਗਵੰਤ : ਸਤਿਬੀਰ ਸਿੰਘ ।
2. ਬਚਿੱਤਰ ਨਾਟਕ : ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ।
3. ਮਹਾਨ ਕੋਸ਼ : ਕਾਹਨ ਸਿੰਘ ਨਾਭਾ ।
4. ਦਸ ਪਾਤਸ਼ਾਹੀਆਂ : ਮੁਖਤਾਰ ਸਿੰਘ ਗੁਰਾਇਆ ।




## ਅਪੀਲ

### ਸੇਵਕ ਕਉ ਸੇਵਾ ਬਨਿ ਆਈ ॥
### ਹੁਕਮੁ ਬੂਝਿ ਪਰਮ ਪਦੁ ਪਾਈ ॥

ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਮਾਹੌਲ ਵਿਚ ਅਤੇ ਗੁਰਬਾਣੀ ਦੀ ਸਿੱਖਿਆ 'ਤੇ ਚਲਦਿਆਂ ਭਗਤ ਪੂਰਨ ਸਿੰਘ ਜੀ ਨੇ ਜੋ ਲਾਹੌਰ ਵਿਖੇ ਨਿਸ਼ਕਾਮ ਸੇਵਾ ਦਾ ਕੰਮ ਆਰੰਭ ਕੀਤਾ ਸੀ, ਉਸ ਨੂੰ ਅੰਮ੍ਰਿਤਸਰ ਪਹੁੰਚ ਕੇ ਅਮਲੀ ਜਾਮਾ ਪਹਿਨਾਇਆ ਗਿਆ। ਦੇਸ਼ ਦੀ ਵੰਡ ਸਮੇਂ 18 ਅਗਸਤ 1947 ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਰਫ਼ਿਊਜੀ ਕੈਂਪ ਵਿਚ ਪੁਜ ਕੇ ਭਗਤ ਜੀ ਨੇ ਦੁਖੀ ਮਨੁੱਖਤਾ ਦੀ ਸੇਵਾ ਬੜੀ ਸ਼ਿੱਦਤ ਨਾਲ ਆਰੰਭ ਕਰ ਦਿੱਤੀ ਜੋ ਕਿ ਹੈਜ਼ੇ ਦੀ ਵਬਾ ਕਾਰਨ ਉਸ ਵੇਲੇ ਦੀ ਲੋੜ ਬਣ ਗਈ ਸੀ । ਇਸ ਤੋਂ ਪਿੱਛੋਂ ਉਹਨਾਂ ਨੇ ਕਦੀ ਪਿੱਛਾ ਭੌਂ ਕੇ ਨਹੀਂ ਵੇਖਿਆ ਅਤੇ ਮੌਜੂਦਾ ਰੂਪ ਵਿਚ ਪਿੰਗਲਵਾੜਾ ਬਣਨ ਤਕ ਇਸ ਦੇ ਬਾਨੀ ਨੂੰ ਦਿਨ-ਰਾਤ ਇਕ ਕਰਕੇ ਸਖ਼ਤ ਘਾਲਣਾ ਘਾਲਣੀ ਪਈ । ਪਿੰਗਲਵਾੜਾ ਵਿਚ ਇਸ ਵੇਲੇ (1-11-2019) 1791 ਲਾਚਾਰ ਰੋਗੀ ਹਨ ਜਿਨ੍ਹਾਂ ਦੀ, ਬਿਨਾਂ ਧਰਮ, ਜਾਤ, ਨਸਲ ਜਾਂ ਰੰਗ ਦੇ ਵਿਤਕਰੇ ਦੇ, ਸੇਵਾ ਸੰਭਾਲ ਕੀਤੀ ਜਾਂਦੀ ਹੈ । ਇਹਨਾਂ ਵਿਚ ਲਾਚਾਰ, ਅਪਾਹਿਜ, ਬਿਮਾਰ ਅਤੇ ਪਾਗ਼ਲ ਔਰਤਾਂ, ਮਰਦ, ਬੱਚੇ ਅਤੇ ਬੁੱਢੇ ਸ਼ਾਮਲ ਹਨ । ਇਹਨਾਂ ਵਿਚ ਕੁਝ ਨਾ ਠੀਕ ਹੋਣ ਵਾਲੇ ਅਤੇ ਭਿਆਨਕ ਰੋਗਾਂ ਤੋਂ ਗ੍ਰਸਤ ਰੋਗੀ ਸ਼ਾਮਲ ਹਨ ।

ਇਸ ਤੋਂ ਇਲਾਵਾ, ਬਹੁਤ ਸਾਰਾ ਸਾਹਿਤ ਛਾਪ ਕੇ ਮੁਫ਼ਤ ਵੰਡਿਆ ਜਾਂਦਾ ਹੈ। ਗ਼ਰੀਬ ਬੱਚਿਆਂ ਨੂੰ ਮੁਫ਼ਤ ਵਿਦਿਆ ਦਿੱਤੀ ਜਾਂਦੀ ਹੈ। ਅਪਾਹਿਜਾਂ ਨੂੰ ਮੁਫ਼ਤ ਬਣਾਵਟੀ ਅੰਗ ਲਗਾਏ ਜਾਂਦੇ ਹਨ ਅਤੇ ਵਾਤਾਵਰਣ ਦੀ ਸੰਭਾਲ ਅਤੇ ਸ਼ੁੱਧਤਾ ਲਈ ਸਰਕਾਰੀ ਅਤੇ ਸਾਂਝੀਆਂ ਥਾਵਾਂ 'ਤੇ ਮੁਫ਼ਤ ਰੁੱਖ ਲਗਾਏ ਜਾਂਦੇ ਹਨ, ਇਤਿਆਦਿ।

ਪਿੰਗਲਵਾੜੇ ਦਾ ਰੋਜ ਦਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਵੀ ਵੱਧ ਹੈ ਜੋ ਕਿ ਦਾਨੀ ਸੱਜਣਾਂ ਅਤੇ ਪਿੰਗਲਵਾੜੇ ਦੇ ਹਿਤੈਸ਼ੀਆਂ ਵੱਲੋਂ ਦਿੱਤੇ ਦਾਨ ਅਤੇ ਸਹਾਇਤਾ ਨਾਲ ਚਲਦਾ ਹੈ । ਦਾਨੀ ਸੱਜਣਾਂ ਨੂੰ ਸਨਿਮਰ ਅਪੀਲ ਕੀਤੀ ਜਾਂਦੀ ਹੈ ਕਿ ਸੰਸਥਾ ਨੂੰ ਮਨੀਆਰਡਰ, ਬੈਂਕ ਡਰਾਫਟ ਅਤੇ ਚੈੱਕ ਰਾਹੀਂ ਦਾਨ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਇਸ ਸ਼ੁੱਭ ਕੰਮ ਨੂੰ ਜਾਰੀ ਰੱਖਿਆ ਜਾਵੇ ।

- Foreign A/c no. 01562010002890, Oriental Bank of Commerce, Sharif Pura, Amritsar-143001
- Inland A/c no. 01562010003720, Oriental Bank of Commerce, Sharif Pura, Amritsar-143001


**ਡਾ. ਇੰਦਰਜੀਤ ਕੌਰ,**

ਪ੍ਰਧਾਨ,

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ।

ਫ਼ੋਨ ਨੰ: 0183-2584713, 2584586

*Email: pingalwara57@gmail.com, Website: www.pingalwara.org*